ੴ ਵਾਹਿਗੁਰੂ ਜੀ ਕੀ ਫ਼ਤਹਿ॥

# ਗੁਰਮਤਿ ਪ੍ਰਸਾਰ ਪੱਤਰ

ੴ

ਲੜੀ/ਅੰਕ ਨੰ: 21/01 ਜਨਵਰੀ ਤੋਂ ਮਾਰਚ 2021 – ਨਾਨਕਸ਼ਾਹੀ ਪੋਹ ਤੋਂ ਫੱਗਣ 552

## ਇਤਿਹਾਸਿਕ ਦਿਹਾੜੇ

### ਜਨਵਰੀ ਤੋਂ ਮਾਰਚ 2021

| | |
|---|---|
| ਸ਼ਹੀਦੀ ਦਿਹਾੜਾ 'ਚਾਲੀ ਮੁਕਤੇ' ਮੁਕਤਸਰ ਸਾਹਿਬ | 14 ਜਨਵਰੀ |
| ਪ੍ਰਕਾਸ਼ ਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ | 20 ਜਨਵਰੀ |
| ਜਨਮ ਦਿਹਾੜਾ ਬਾਬਾ ਦੀਪ ਸਿੰਘ ਜੀ ਸ਼ਹੀਦ | 27 ਜਨਵਰੀ |
| ਵੱਡਾ ਘੱਲੂਘਾਰਾ (ਕੁੱਪ ਰੋਹੀੜਾ) | 9 ਫਰਵਰੀ |
| ਜਨਮ ਦਿਹਾੜਾ ਬਾਬਾ ਅਜੀਤ ਸਿੰਘ ਜੀ | 11 ਫਰਵਰੀ |
| ਸ਼ਹੀਦੀ ਸਾਕਾ ਸ੍ਰੀ ਨਨਕਾਣਾ ਸਾਹਿਬ ਜੀ | 21 ਫਰਵਰੀ |
| ਮੋਰਚਾ ਗੰਗਸਰ ਜੈਤੋ | 21 ਫਰਵਰੀ |
| ਪ੍ਰਕਾਸ਼ ਪੁਰਬ ਸ੍ਰੀ ਗੁਰੂ ਹਰਿ ਰਾਇ ਸਾਹਿਬ | 25 ਫਰਵਰੀ |
| ਜਨਮ ਦਿਹਾੜਾ ਭਗਤ ਰਵਿਦਾਸ ਜੀ | 27 ਫਰਵਰੀ |
| ਹੋਲਾ ਮਹੱਲਾ ਸ੍ਰੀ ਅਨੰਦਪੁਰ ਸਾਹਿਬ | 29 ਮਾਰਚ |

## ਤਤਕਰਾ

ਏਜੰਡਾ ਸਾਲਾਨਾ ਜਨਰਲ ਇਕੱਤ੍ਰਤਾ 2
ਲਾਸਾਨੀ ਗੁਰੂ, ਗੁਰੂ ਗੋਬਿੰਦ ਸਿੰਘ ਜੀ ਡਾ. ਸਰੂਪ ਸਿੰਘ ਅਲੱਗ (3-5)
ਮੁਆਫ਼ੀਨਾਮਾਪ੍ਰੋ. ਗੁਰਪ੍ਰੀਤ ਸਿੰਘ (6-9)
ਸ੍ਰੀ ਗੁਰੂ ਹਰਿਰਾਇ ਜੀਪ੍ਰੋ. ਕਰਤਾਰ ਸਿੰਘ (10-12)
ਨਨਕਾਣਾ ਸਾਹਿਬ(ਸੰਪਾ. ਰੂਪ ਸਿੰਘ (ਡਾ.) (13-16)
ਦੋ ਦੀਵੇ ਇਕ ਜੋਤ ਗਿਆਨੀ ਜਸਵੰਤ ਸਿੰਘ ਪ੍ਰਵਾਨਾ (17-20)
ਭਗਤ ਰਵਿਦਾਸ ਜੀ (ਗਿਆਨੀ ਜਸਵਿੰਦਰ ਸਿੰਘ) (20-22)
ਹੋਲੀ ਤੋਂ ਹੋਲਾ (ਪ੍ਰਿ. ਸਤਬੀਰ ਸਿੰਘ) (22-31)

www.gurmatparsar.com

ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)

ਰਜਿਸਟਰਡ ਆਫਿਸ : #1444, ਸੈਕਟਰ 34-ਸੀ, ਚੰਡੀਗੜ੍ਹ ਫੋਨ: 98761-77803
ਕਾਰਜਕਾਰੀ ਦਫਤਰ : ਗੁਰਮਤਿ ਪ੍ਰਸਾਰ ਭਵਨ, ਛੱਜੂਮਾਜਰਾ ਰੋਡ,
ਸੰਨੀ ਇਨਕਲੇਵ ਦੇ ਸਾਹਮਣੇ, ਮੁੰਡੀ ਖਰੜ, ਫੋਨ: 0160-5009844, 94171-90438
Join us at Facebook or mail at : gurmatparsar7@gmail.com

ੴ ਵਾਹਿਗੁਰੂ ਜੀ ਕੀ ਫ਼ਤਹਿ ॥

# ਸਾਲਾਨਾ ਜਨਰਲ ਇਕੱਤ੍ਰਤਾ
# ਐਤਵਾਰ ਮਿਤੀ 21-02-2021

ਗੁਰਮਖਿ ਪਿਆਰੇ ਵੀਰ ਜੀਓ/ ਭੈਣ ਜੀਓ

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਿਹ ॥

ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.) ਚੰਡੀਗੜ੍ਹ ਦੀ ਸਾਲਾਨਾ ਜਨਰਲ ਇਕੱਤ੍ਰਤਾ, ਐਤਵਾਰ ਮਿਤੀ 21-02-2021 ਨੂੰ ਸਵੇਰੇ 10.30 ਵਜੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ, ਸੈਕਟਰ 34, ਚੰਡੀਗੜ੍ਹ ਵਿਖੇ ਹੋਣੀ ਨੀਯਤ ਹੋਈ ਹੈ । ਸਮੂਹ ਮੈਂਬਰਾਂ ਨੂੰ ਸਮੇਂ ਸਿਰ ਪੁੱਜਣ ਲਈ ਬੇਨਤੀ ਹੈ :-

ਇਕਤ੍ਰਤਾ ਦਾ ਏਜੰਡਾ ਹੇਠ ਲਿਖੇ ਅਨੁਸਾਰ ਹੋਵੇਗਾ :-

(1) ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਦੀਆਂ ਗਤੀਵਿਧੀਆਂ ਦੀ ਸਾਲਾਨਾ ਰਿਪੋਰਟ ਅਤੇ ਉਸਦੀ ਪ੍ਰਵਾਨਗੀ ।

(2) ਸਾਲ 2019-2020 ਦੀ ਆਡਿਟਿਡ ਰਿਪੋਰਟ ਸੂਚਨਾ ਲਈ ਪੇਸ਼ਕਾਰੀ ।

(3) ਸੋਸਾਇਟੀ ਦੇ ਸਾਲ 2020-2021 (ਜਨਵਰੀ 2021) ਤੱਕ ਦੇ ਆਮਦਨ ਖਰਚ ਦੇ ਹਿਸਾਬ ਕਿਤਾਬ ਦਾ ਵੇਰਵਾ ਅਤੇ ਉਸਦੀ ਪ੍ਰਵਾਨਗੀ ।

(4) ਸਾਲ 2021-2022 ਵਿੱਚ ਕੀਤੀਆਂ ਜਾਣ ਵਾਲੀਆਂ ਸਰਗਰਮੀਆਂ ਦੀ ਯੋਜਨਾ ਦੀ ਪ੍ਰਵਾਨਗੀ ।

(5) ਸਾਲ 2021-2022 ਵਿੱਚ ਹੋਣ ਵਾਲੇ ਖਰਚਿਆਂ ਦੇ ਬਜਟ ਦੀ ਪ੍ਰਵਾਨਗੀ ।

(6) ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਸੰਬੰਧੀ ਵੀਚਾਰ ।

(7) ਮੈਂਬਰ ਸਾਹਿਬਾਨ ਦੁਆਰਾ ਸੋਸਾਇਟੀ ਨੂੰ ਚੜ੍ਹਦੀ ਕਲਾ ਵਿੱਚ ਲੈ ਜਾਣ ਲਈ ਸੁਝਾਓ ।

ਇਹ ਸਾਲਾਨਾ ਜਨਰਲ ਇਕੱਤ੍ਰਤਾ ਹਰ ਸਾਲ ਦੀ ਤਰ੍ਹਾਂ ਪ੍ਰਵਾਰਾਂ ਦੀ ਪ੍ਰੀਤ ਮਿਲਣੀ ਦੇ ਰੂਪ ਵਿੱਚ ਹੋਵੇਗੀ। ਪ੍ਰਵਾਰਾਂ ਸਮੇਤ ਸਮੇਂ ਸਿਰ ਹਾਜ਼ਰੀਆਂ ਭਰਨ ਦੀ ਖੇਚਲ ਕਰਨੀ ਜੀ ।

ਆਪ ਜੀ ਦਾ ਵੀਰ,

ਪ੍ਰਿੰਸੀਪਲ ਨਰਿੰਦਰ ਬੀਰ ਸਿੰਘ, ਜਨਰਲ ਸਕੱਤਰ

ਲੰਗਰ ਦੀ ਸੇਵਾ :-

ਇਕਤ੍ਰਤਾ ਲਈ ਲੰਗਰ ਹਰ ਸਾਲ ਦੀ ਤਰ੍ਹਾਂ ਹੀ ਘਰਾਂ ਤੋਂ ਬਣ ਕੇ ਆਵੇਗਾ । ਜਿਸ ਲਈ ਦਸ - ਦਸ ਪ੍ਰਵਾਰ ਕੋਈ ਇੱਕ ਆਈਟਮ ਅਤੇ 15 ਸਾਦੇ ਪਰਾਂਠੇ ਬਣਾ ਕੇ ਲਿਆਉਣ ਦੀ ਸੇਵਾ ਕਰਨ।

(1) ਸਾਬਤ ਮੂੰਗੀ 1 ਕਿਲੋ (800 ਗ੍ਰਾਮ ਮੂੰਗੀ / 200 ਗ੍ਰਾਮ ਚਨੇ ਦੀ ਦਾਲ)

(2) ਪਨੀਰ ਇਕ ਕਿਲੋ (ਰੱਸ ਭਿਨਾ)

(3) ਮਿਕਸਡ ਵੈਜੀਟੇਬਲ 2 ਕਿਲੋ

(4) ਖੀਰ 3 ਕਿਲੋ ਦੁੱਧ ਦੀ

(5) 20 ਪ੍ਰਵਾਰ ਸਿਰਫ ਪਰਾਂਠੇ ਲਿਆਉਣ ਦੀ ਸੇਵਾ ਕਰਨ ।

ਆਪ ਜੀ ਜਿਸ ਆਈਟਮ ਦੀ ਵੀ ਸੇਵਾ ਕਰਨਾ ਚਾਹੋ, ਕ੍ਰਿਪਾ ਕਰਕੇ 19-02-2021 ਸ਼ਾਮ ਤੱਕ ਭਾਈ ਹਰਵੀਰ ਸਿੰਘ (ਫੋਨ:9417190438) ਜਾਂ ਜਨਰਲ ਸਕਤੁ (ਫੋਨ: 98761-77803) ਤੇ ਜ਼ਰੂਰ ਇਤਲਾਹ ਦੇ ਦਿਓ ਜੀ ।

# ਲਾਸਾਨੀ ਗੁਰੂ, ਗੁਰੂ ਗੋਬਿੰਦ ਸਿੰਘ ਜੀ

**ਡਾ. ਸਰੂਪ ਸਿੰਘ ਅਲੱਗ**

ਇਸਰਾਈਲੀ ਨੌਜਵਾਨ ਨਾਲ ਲੰਡਨ ਵਿੱਚ ਅੱਜ ਤੋਂ 20 ਸਾਲ ਪਹਿਲੇ ਹੋਈ ਮੇਰੀ ਗੱਲ ਬਾਤ ਅੱਜ ਵੀ ਮੇਰੇ ਕੰਨਾਂ ਵਿੱਚ ਗੂੰਜ ਰਹੀ ਹੈ। ਉਸ ਦਾ ਕਥਨ ਸੀ ਕਿ ਅਸੀਂ ਇਸਰਾਈਲੀ, ਯਹੂਦੀ ਧਰਮ ਦੇ ਪੈਰੋਕਾਰ ਹਾਂ ਅਤੇ ਆਪਣੇ ਧਰਮ ਤੋਂ ਬਾਹਰ ਪੈਰ ਨਹੀਂ ਕੱਢਦੇ ਕਿਉਂਕਿ ਸਾਡੀਆਂ ਹਰ ਪ੍ਰਕਾਰ ਦੀਆਂ ਲੋੜਾਂ ਪੂਰੀਆਂ ਕਰਨ ਲਈ ਸਾਡਾ ਯਹੂਦੀ ਧਰਮ ਪੂਰੀ ਤਰ੍ਹਾਂ ਸਮਰਥ ਹੈ ਪਰ ਹੁਣ ਜਦ ਦੁਨੀਆਂ ਇੱਕ ਦੂਜੇ ਦੇ ਨੇੜੇ ਆਉਂਦੀ ਜਾਂ ਰਹੀ ਹੈ ਤਾਂ ਸਹਿਜ ਸੁਭਾਏ ਹੀ ਵਿਚਾਰਾਂ ਦਾ ਆਦਾਨ ਪ੍ਰਦਾਨ ਹੋਣ ਲੱਗ ਪਿਆ ਹੈ ਜਿਸ ਕਰਕੇ ਗੁਰੂ ਗੋਬਿੰਦ ਸਿੰਘ ਜੀ ਦੀ ਯੁੱਧ ਫਿਲਾਸਫ਼ੀ ਵਲ ਸਾਡੇ ਜਰਨੈਲਾਂ ਤੇ ਨੌਜਵਾਨਾਂ ਦਾ ਧਿਆਨ ਖਿਚਿਆ ਗਿਆ ਜਿਸ ਨੇ ਸਭ ਨੂੰ ਚਕਰਤ ਕਰਕੇ ਰੱਖ ਦਿੱਤਾ ਹੈ। ਕਮਾਲ ਦੀ ਗੱਲ ਹੈ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਪਣੇ ਸਿੰਘਾਂ ਵਿੱਚ ਇਤਨੀ ਸ਼ਕਤੀ ਭਰ ਦਿੱਤੀ ਹੈ ਕਿ ਉਹ ਸਵਾ ਲੱਖ ਨਾਲ ਵੀ ਲੋਹਾ ਲੈਣ ਤੋਂ ਵੀ ਨਹੀਂ ਡਰਦੇ। ਇਹ ਸਿਰਫ ਕਥਨੀ ਹੀ ਨਹੀਂ ਚਮਕੌਰ ਦੀ ਜੰਗ, ਭੰਗਾਣੀ ਦਾ ਯੁੱਧ ਤੇ ਉਸ ਤੋਂ ਬਾਅਦ ਸਾਰਾਗੜ੍ਹੀ ਦੀ ਲੜਾਈ ਇਸ ਦੀਆਂ ਸਾਖਿਆਤ ਮਿਸਾਲਾਂ ਹਨ। ਸਾਡੇ ਦੇਸ਼ ਇਸਰਾਈਲੀ ਵਿੱਚ ਅਜਿਹੀਆਂ ਉਦਾਹਰਨਾਂ ਦੇ ਕੇ ਹਰ ਨੌਜਵਾਨ ਲੜਕੇ ਲੜਕੀ ਨੂੰ ਸ਼ਕਤੀਸ਼ਾਲੀ ਬਣਾਇਆ ਜਾਂਦਾ ਹੈ ਤਾਂ ਜੋ ਲੋੜ ਪੈਣ ਤੇ ਉਹ ਇਨ੍ਹਾਂ ਨੂੰ ਅਧਾਰ ਬਣਾ ਕੇ ਦਲੇਰੀ ਨਾਲ ਦੇਸ਼ ਦੀ ਰਾਖੀ ਕਰ ਸਕੇ। ਵਿਸ਼ਵ ਦੇ ਸੂਰਬੀਰਤਾ ਦੇ ਇਤਿਹਾਸ ਵਿੱਚ ਕਈ ਐਸੀਆਂ ਘਟਨਾਵਾਂ ਉਪਲਬਧ ਹਨ ਜਿੱਥੇ ਨਜ਼ਬੇ ਨਾਲ ਭਰੇ ਕੁਝ ਸੂਰਬੀਰਾਂ ਨੇ ਹਜ਼ਾਰਾਂ ਲੱਖਾਂ ਦੀ ਫ਼ੌਜ ਨੂੰ ਭਾਂਜਾਂ ਦਿੱਤੀਆਂ ਹਨ ਤੇ ਜੇ ਹੋਰ ਕੁਝ ਨਹੀਂ ਹੋ ਸਕਿਆ ਤਾਂ ਦੁਸ਼ਮਣ ਨੂੰ ਲੋਹੇ ਦੇ ਚਣੇ ਚਬਾ ਕੇ ਸ਼ਹੀਦੀਆਂ ਪ੍ਰਾਪਤ ਕਰ ਕੇ ਸਦਾ ਲਈ ਅਮਰ ਹੋ ਗਏ ਹਨ। ਗੁਰੂ ਗੋਬਿੰਦ ਸਿੰਘ ਜੀ ਦਾ ਸਾਜਿਆ ਖ਼ਾਲਸਾ ਉਸ ਮਿਸਾਲ ਦੀ ਜੀਂਦੀ ਜਾਗਦੀ ਤਸਵੀਰ ਹੈ। ਮੈਂ ਉਸ ਇਸਰਾਈਲੀ ਸਜਣ ਦੀਆਂ ਇਹ ਗੱਲਾਂ ਸੁਣ ਕੇ ਹੈਰਾਨ ਵੀ ਸਾਂ ਤੇ ਖੁਸ਼ ਵੀ ਕਿਉਂਕਿ ਉਹ ਮੇਰੇ ਗੁਰੂ ਦੇ ਅਦੁਤੀ ਕਾਰਨਾਮਿਆਂ ਦੀ ਆਪ ਮੁਹਾਰੇ ਹੀ ਕੀਰਤੀ ਗਾ ਰਿਹਾ ਸੀ। ਵਧੇਰੇ ਹੈਰਾਨਗੀ ਮੈਨੂੰ ਇਸ ਗੱਲ ਦੀ ਵੀ ਹੋਈ ਕਿ ਉਸ ਸਮੇਂ ਸਾਡੇ ਦੇਸ਼ ਦੇ ਇਸਰਾਈਲ ਨਾਲ ਰਾਜਨੀਤਕ ਸੰਬੰਧ ਵੀ ਨਹੀਂ ਸਨ ਅਤੇ ਅਸੀਂ ਉਸ ਨੂੰ ਹਰ ਲਿਹਾਜ਼ ਨਾਲ ਨਕਾਰਿਆ ਹੋਇਆ ਸੀ ਫਿਰ ਵੀ ਉਹ ਸਾਡੇ ਬਾਰੇ ਇਤਨਾ ਕੁਝ ਜਾਣਦਾ ਸੀ। ਉਸ ਦੀਆਂ ਗੱਲਾਂ ਨੂੰ ਜੇ ਸੰਜੀਦਗੀ ਨਾਲ ਘੋਖੀਏ ਤਾਂ ਸੱਚ ਮੁੱਚ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਅਜ਼ੀਮ ਸ਼ਖ਼ਸੀਅਤ ਅੱਗੇ ਹਰ ਕਿਸੇ ਦਾ ਸਿਰ ਝੁੱਕ ਜਾਣਾ ਚਾਹੀਦਾ ਹੈ। ਹਰ ਭਾਰਤੀ ਉਨ੍ਹਾਂ ਤੇ ਬਜਾਅ ਮਾਣ ਕਰ ਸਕਦਾ ਹੈ ਕਿਉਂਕਿ ਉਨ੍ਹਾਂ ਨੇ ਆਪਣਾ ਸਰਬੰਸ ਵਾਰ ਕੇ ਭਾਰਤ ਦੀਆਂ ਸਦੀਆਂ ਦੀਆਂ

ਗ਼ੁਲਾਮੀ ਦੀਆਂ ਜ਼ੰਜੀਰਾਂ ਤੋੜਨ ਦੀ ਸਾਨੂੰ ਵਲਗਤ ਸਿੱਖਾਂ ਦੇ ਸ਼ੋਧਿਆਂ ਤੋਂ ਸੂਰਬੀਰ ਬਣਾਇਆ ਹੈ। ਸਾਡਾ ਮਨੋਬਲ ਇਤਨਾ ਬਲਵਾਨ ਤੇ ਉੱਚਾ ਕਰ ਦਿੱਤਾ ਹੈ ਕਿ ਉਸ ਵਿਚੋਂ ਮੌਤ ਦਾ ਭੈ ਸਦਾ - ਸਦਾ ਲਈ ਖੰਭ ਲਾ ਕੇ ਉਡ ਗਿਆ ਹੈ। ਸਗੋਂ ਇਸ ਦੇ ਉਲਟ ਉਨ੍ਹਾਂ ਦੀ ਚੜ੍ਹਦੀਕਲਾ ਦੀ ਸਪਿਰਟ ਨੇ ਹਸ ਹਸ ਕੇ ਸ਼ਹੀਦੀਆਂ ਪ੍ਰਾਪਤ ਕਰਨ ਦਾ ਚਾਅ ਸਾਡੇ ਜਨ ਜੀਵਨ ਵਿੱਚ ਕੁਟ-ਕੁਟ ਕੇ ਭਰ ਦਿੱਤਾ ਹੈ। ਭੰਗਾਣੀ ਦਾ ਯੁੱਧ, ਚਮਕੌਰ ਦੀ ਗੜ੍ਹੀ ਦਾ ਯੁੱਧ, ਖਦਰਾਣੇ ਦੀ ਢਾਬ ਦਾ ਯੁੱਧ ਇਸ ਸਪਿਰਟ ਦੀਆਂ ਮੂੰਹ ਬੋਲਦੀਆਂ ਮਾਇਆਨਾਜ਼ ਤਸਵੀਰਾਂ ਹਨ। ਸਾਰਾਗੜ੍ਹੀ ਦੀ ਲੜਾਈ, 1962, 1965, 1971 ਦੀਆਂ ਜੰਗਾਂ ਅਜਿਹੇ ਪ੍ਰਮਾਣ ਪੇਸ਼ ਕਰਦੀਆਂ ਹਨ ਜਿਨ੍ਹਾਂ ਵਿੱਚੋਂ ਨਿਰਭੈਤਾ, ਨਿਡਰਤਾ ਦੇ ਸ਼ਕਤੀਸ਼ਾਲੀ ਦਰਸ਼ਨ ਹੁੰਦੇ ਹਨ "**ਨਿਸਚੇ ਕਰ ਅਪਨੀ ਜੀਤ ਕਰੋਂ**" ਦੇ ਇਲਾਹੀ ਫਰਮਾਨ ਨੂੰ ਪਰਪੱਕਤਾ ਪ੍ਰਦਾਨ ਹੁੰਦੀ ਦਿਸਦੀ ਹੈ ਤੇ "**ਅਤ ਹੀ ਰਣ ਮੇਂ ਤਵ ਜੂਝ ਮਰੋਂ**" ਦਾ ਅਦੁਤੀ ਜੋਸ਼ ਉਮਡ ਉਮਡ ਕੇ ਡੁਲਦਾ ਪ੍ਰਤੀਤ ਹੁੰਦਾ ਹੈ। ਕਿਤਨੇ ਮਾਣ ਵਾਲੀ ਗੱਲ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਸਾਨੂੰ ਸੰਤ ਵੀ ਬਣਾਇਆ ਹੈ ਤੇ ਸਿਪਾਹੀ ਵੀ। ਇੱਥੇ ਤੱਕ ਕਿ ਸਾਨੂੰ ਬੇਪਨਾਹ ਸ਼ਕਤੀ ਬਖਸ਼ ਕੇ ਆਪਣਾ ਹੀ ਰੂਪ ਬਣਾ ਦਿੱਤਾ ਹੈ ਤੇ ਸਾਡੀ ਸੋਚਣੀ ਦਾ ਘੇਰਾ ਇਤਨਾ ਵਿਸ਼ਾਲ ਕਰ ਦਿੱਤਾ ਹੈ ਕਿ ਸਾਰੀ ਮਨੁੱਖਤਾ ਨਾਲ ਸਾਡੀ ਭਰਾਤਰੀ ਭਾਵ ਦੀ ਸਾਂਝ ਵਿਕਸਤ ਹੋ ਗਈ। "**ਮਾਨਸ ਕੀ ਜਾਤ ਸਭੈ ਇੱਕੈ ਪਹਿਚਾਨਬੋ**" ਦਾ ਉਪਦੇਸ਼ ਦੇ ਕੇ ਸਾਡੇ ਲਈ ਬਿਗਾਨਾ ਕੋਈ ਰਹਿਣ ਹੀ ਨਹੀਂ ਦਿੱਤਾ। ਜਦ ਅਸੀਂ "**ਕੁਦਰਤ ਕੇ ਸਭ ਬੰਦੇ**" ਦੇ ਵਿਚਾਰਾਂ ਦੇ ਧਾਰਨੀ ਤੇ ਪ੍ਰਚਾਰਕ ਹਾਂ ਤਾਂ ਫਿਰ ਦੁਸ਼ਮਣੀ ਕਿਸ ਨਾਲ ? ਇੱਥੇ ਆ ਕੇ ਤਾਂ ਸਭ ਵੈਰ ਵਿਰੋਧਤਾਵਾਂ ਦੀ ਗੁੰਜਾਇਸ਼ ਹੀ ਖਤਮ ਹੋ ਜਾਂਦੀ ਹੈ। ਗੁਰੂ ਸਾਹਿਬ ਨੇ ਆਪਣੇ ਸਿੱਖ ਦਾ ਹਿਰਦਾ ਮਨੁੱਖਤਾ ਲਈ ਪਿਆਰ ਨਾਲ ਭਰ ਦਿੱਤਾ। ਉਸ ਦੀ ਵਿਸ਼ਾਲਚਿਤਤਾ ਨੀਲੇ ਆਸਮਾਨ ਨਾਲੋਂ ਵੀ ਵਿਸ਼ਾਲ ਕਰ ਦਿੱਤੀ। ਗੁਰੂ ਸਾਹਿਬ ਦਾ ਨੀਲਾ ਘੋੜਾ ਨੀਲੇ ਗਗਨ ਦੀ ਅਸੀਮ ਵਿਸ਼ਾਲਤਾ ਦਾ ਸੂਚਕ ਬਣਿਆ ਤੇ ਉਨ੍ਹਾਂ ਦਾ ਬਾਜ਼ ਅਥਾਹ ਸ਼ਕਤੀ ਦਾ ਪ੍ਰਤੀਬਿੰਬ ਅਖਵਾਇਆ, ਪਰ ਬਾਜ਼ ਦਾ ਸਫੇਦ ਰੰਗ ਉਸ ਅਥਾਹ ਸ਼ਕਤੀ ਸਰੋਤ ਤੇ ਅੰਕੁਸ਼ (ਬੰਦਸ਼) ਦਾ ਕੰਮ ਕਰਦਾ ਹੋਇਆ ਸਾਨੂੰ ਤਾਕੀਦ ਕਰਦਾ ਹੈ ਕਿ ਇਹ ਸ਼ਕਤੀ ਕੇਵਲ ਤੇ ਕੇਵਲ ਮਾਨਵੱਤਾ ਦੇ ਭਲੇ ਲਈ ਹੀ ਵਰਤਣੀ ਹੈ ਕਿਸੇ ਚੰਡਾਲੀ, ਚੰਗੇਜ਼ੀ ਜਾਂ ਨਾਦਰਸ਼ਾਹੀ ਕਰਤੂਤਾਂ ਲਈ ਨਹੀਂ। ਇਤਿਹਾਸ ਗਵਾਹ ਹੈ ਕਿ ਗੁਰੂ ਦੇ ਸਿੱਖਾਂ ਨੇ ਆਪਣੇ ਗੁਰੂ ਦੇ ਇਨ੍ਹਾਂ ਹੁਕਮਾਂ ਦੀ ਹਰ ਸਮੇਂ ਇਨ ਬਿਨ ਪਾਲਣਾ ਕਰਕੇ ਫੁਲ ਚੜ੍ਹਾਏ ਚਾਹੇ ਤਾਂ ਉਹ ਨਨਕਾਣਾ ਸਾਹਿਬ ਦਾ ਸਾਕਾ ਸੀ, ਗੁਰੂ ਕੇ ਬਾਗ਼ ਜਾਂ ਜੈਤੋ ਦਾ ਮੋਰਚਾ ਸੀ। ਅਹਿਮਦ ਸ਼ਾਹ ਅਬਦਾਲੀ ਨਾਲ ਆਇਆ ਪਠਾਣ ਇਤਿਹਾਸਕਾਰ ਕਾਜ਼ੀ ਨੂਰ ਮੁਹੰਮਦ ਇਸ ਗਲ ਦੀ ਜ਼ੋਰਦਾਰ ਸ਼ਬਦਾਂ ਵਿੱਚ ਪੁਸ਼ਟੀ ਕਰਦਾ ਹੋਇਆ ਲਿਖਦਾ ਹੈ ਕਿ ਸਿੱਖਾਂ ਵਰਗਾ

ਕਿਰਦਾਰ, ਇਖਲਾਕ, ਸ਼ਕਤੀ, ਸੂਰਬੀਰਤਾ, ਦਲੇਰੀ, ਉਤਸ਼ਾਹ, ਚੜ੍ਹਦੀਕਲਾ ਤੇ ਨਿਡਰਤਾ ਉਸ ਨੇ ਕਿਸੇ ਹੋਰ ਵਿੱਚ ਨਹੀਂ ਵੇਖੀ ਤੇ ਕਮਾਲ ਦੀ ਗੱਲ ਇਹ ਵੀ ਹੈ ਕਿ ਇਤਨੇ ਸ਼ਕਤੀਸ਼ਾਲੀ ਸਿਫਤਾਂ ਤੇ ਵਸਫਾਂ ਦੇ ਮਾਲਕ ਹੋ ਕੇ ਵੀ ਇਹ ਹਰ ਕਿਸੇ ਦੇ ਮਿੱਤਰ ਹਨ, ਫਰਾਖਦਿਲ ਹਨ, ਮਾਫ ਕਰ ਦੇਣ ਦੀ ਬੜੀ ਵੱਡੀ ਕਰਾਮਾਤ ਦੇ ਮਾਲਕ ਹਨ ਅੱਤੇ ਅਨਿਆਂ ਕਰਨਾ ਤੇ ਝਲਣਾ ਪਾਪ ਸਮਝਦੇ ਹਨ । ਇਹ ਆਪਣੀ ਕਿਰਪਾਨ ਮਿਆਨ ਵਿੱਚੋਂ ਉਸ ਸਮੇਂ ਹੀ ਕੱਢਦੇ ਹਨ ਜਦ ਇਨ੍ਹਾਂ ਨਾਲ ਜ਼ਿਆਦਤੀ ਹੋ ਰਹੀ ਹੋਵੇ ਅਤੇ ਉਸ ਨੂੰ ਦੂਰ ਕਰਨ ਦੇ ਹੋਰ ਸਾਰੇ ਰਸਤੇ ਬੰਦ ਹੋ ਗਏ ਹੋਣ । ਇਸ ਹਾਲਤ ਵਿੱਚ ਗੁਰੂ ਦੀ ਤਾਕੀਦ ਵੀ ਹੈ :

**ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ ॥**
**ਹਲਾਲ ਅਸਤੁ ਬੁਰਦਨ ਬ ਸ਼ਮਸ਼ੇਰ ਦਸਤ ॥੨੨॥**

ਭਾਵ ਇਹ ਕਿ ਜਦ ਹੱਕ ਇਨਸਾਫ ਦੀ ਪ੍ਰਾਪਤੀ ਲਈ ਹੋਰ ਸਾਰੇ ਹੀਲੇ ਵਸੀਲੇ ਫੇਹਲ ਹੋ ਜਾਣ ਤਾਂ ਸ਼ਮਸ਼ੀਰ ਦੇ ਮੁੱਠੇ ਤੇ ਹੱਥ ਰੱਖਣਾ ਜ਼ਾਇਜ਼ ਹੈ । ਗੁਰੂ ਗੋਬਿੰਦ ਸਿੰਘ ਸਾਹਿਬ ਦਾ ਸਿੱਖ ਇਸ ਅਣਖ  ਨਾਲ ਹੀ ਦੇਸ਼ ਕੌਮ ਦੀ ਸ਼ਾਨ ਲਈ ਜੂਝਦਾ ਆਇਆ ਹੈ ਅਤੇ ਅੱਗੇ ਲਈ ਵੀ ਇਸ ਸ਼ਾਨ ਦੀ ਕਾਇਮੀ ਦਾਇਮੀ ਲਈ ਇਹ ਆਪਣੀਆਂ ਜਾਨਾਂ ਹੂਲਣ ਤੇ ਵਾਰਨ ਵਿੱਚ ਪਿੱਛੇ ਨਹੀਂ ਰਹੇਗਾ । ਉਹ ਆਪਣੇ ਗੌਰਵਮਈ ਇਤਿਹਾਸ ਨੂੰ ਕਿਸੇ ਵੀ ਹਾਲਤ ਵਿੱਚ ਮਧਮ ਨਹੀਂ ਪੈਣ ਦੇਂਦਾ ਤੇ ਜਦ ਵੀ ਉਸ ਨੂੰ ਮੌਕਾ ਮਿਲਦਾ ਹੈ ਉਹ ਮਾਨਵ ਸਮਾਜ ਲਈ, ਦੇਸ਼ ਦੀ ਸੁਰੱਖਿਆ ਲਈ, ਨੇਕ ਕੀਮਤਾਂ ਕਦਰਾਂ ਦੀ ਅਜ਼ਮਤ ਲਈ ਜਾਮੇ ਸ਼ਹਾਦਤ ਪੀ ਕੇ ਇਸ ਰੰਗ ਵਿੱਚ ਹੋਰ ਆਭਾ, ਹੋਰ ਚਮਕ ਭਰ ਦੇਂਦਾ ਹੈ । ਇਹ ਸਾਰਾ ਕੁਝ ਦੇਖ ਕੇ ਹੀ ਪ੍ਰਸਿਧ ਇਤਿਹਾਸਕਾਰ ਸ੍ਰੀ ਦੌਲਤ ਰਾਏ ਆਰੀਆ ਗੁਰੂ ਗੋਬਿੰਦ ਸਿੰਘ ਸਾਹਿਬ ਬਾਰੇ 1901 ਵਿੱਚ ਲਿਖੀ ਆਪਣੀ ਪੁਸਤਕ '**ਸਵਾਨਿ ਉਮਰੀ ਗੁਰੂ ਗੋਬਿੰਦ ਸਿੰਘ**' ਵਿੱਚ ਗੁਰੂ ਸਾਹਿਬ ਤੇ ਉਨ੍ਹਾਂ ਦੇ ਸੂਰਬੀਰ ਸਿੱਖਾਂ ਦੀ ਸ਼ਾਨ ਵਿੱਚ ਜੋ ਕੁਝ ਕਹਿੰਦਾ ਹੈ ਉਹ ਉਸ ਮਹਾਨ ਗੁਰੂ ਲਈ ਸਹੀ ਸ਼ਰਧਾਂਜਲੀ ਅਖਵਾਉਂਦੀ ਹੈ । ਪੁਸਤਕ ਦੇ ਪੰਨਾ 114 ਤੇ ਉਹ ਲਿਖਦਾ ਹੈ "...... **ਜੇ ਅੱਖਾਂ ਉੱਤੇ ਫਿਰਕਾਪ੍ਰਸਤੀ ਦੀ ਪਟੀ ਨਾ ਬੱਝੀ ਹੋਈ ਹੋਵੇ ਅਤੇ ਦਿਲ ਪਖਪਾਤ ਤੋਂ ਪਾਕ ਸਾਫ ਹੋਵੇ ਤਾਂ ਗੁਰੂ ਗੋਬਿੰਦ ਸਿੰਘ ਜੀ ਸਾਰੇ ਮਜ਼ਹਬਾ ਦੇ ਪੈ.ਗੰਬਰਾਂ ਤੇ ਸਾਰੇ ਧਰਮਾਂ ਦੇ ਬਾਨੀਆਂ ਦੇ ਸਿਰਤਾਜ ਤੇ ਮੌਹਰੀ ਹਨ ।**" ਅਜਿਹੇ ਲਾਸਾਨੀ ਗੁਰੂ ਨੂੰ ਲੱਖ-ਲੱਖ ਪਰਨਾਮ । ਉਹ ਦਿਨ ਬਹੁਤਾ ਦੂਰ ਨਹੀਂ ਜਦ ਗੁਰੂ ਸਾਹਿਬ ਦੀਆਂ ਕਰਨੀਆਂ ਦੀਆਂ ਗੂੰਜਾਂ ਸਾਰੇ ਸੰਸਾਰ ਵਿੱਚ ਪੈਣਗੀਆਂ ਤੇ ਮਾਨਵਤਾ ਇਨ੍ਹਾਂ ਤੋਂ ਸੇਧ ਲੈ ਕੇ ਆਪਣਾ ਜੀਵਨ ਸਫਲਾ ਕਰ ਸਕੇਗੀ ।

**ਮਾਨੁ ਕਰਉ ਤੁਧੁ ਊਪਰੇ ਮੇਰੇ ਪ੍ਰੀਤਮ ਪਿਆਰੇ ॥**
**ਹਮ ਅਪਰਾਧੀ ਸਦ ਭੂਲਤੇ ਤੁਮ੍ ਬਖਸਨਹਾਰੇ॥੧॥ ਰਹਾਉ ॥ ਅੰਗ ੮੦੯**

ਧੰਨਵਾਦ ਸਾਹਿਤ ਵਿਚੋਂ :- ਮਾਰਗਿ ਮੋਤੀ

# ਮੁਆਫ਼ੀਨਾਮਾ

ਸੇਵਾ ਵਿਖੇ,

ਧੰਨ-ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ
ਧਾਰਮਿਕ ਪਿਤਾ ਜੀ
ਖਾਲਸਾ ਪੰਥ ।

ਵਿਸ਼ਾ : 'ਇਨ ਪੁਤਰਨ'ਵਿੱਚ ਨਾ ਆਉਣ ਸੰਬੰਧੀ 'ਮੁਆਫ਼ੀਨਾਮਾ'

ਗੁਰੂ ਪਿਤਾ ਜੀ,

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ॥

ਜਾਣੀ-ਜਾਣ, ਅੰਤਰਜਾਮੀ ਗੁਰੂ ਪਿਤਾ ਜੀ ! ਤੁਸੀਂ ਜਾਣਦੇ ਹੀ ਹੋ ਕਿ ਤੁਹਾਨੂੰ ਫ਼ਤਹਿ ਬੁਲਾਉਣ ਲੱਗਿਆਂ ਮੇਰੀ ਨੀਵੀਂ ਕਿਉਂ ਪਈ ਹੋਈ ਹੈ ? ਤੁਸੀਂ ਟੁੱਟੀ ਗੰਢਣ ਵਾਲੇ ਹੋ ! ਇਸ ਦਾ ਮੈਨੂੰ ਪਤਾ ਹੈ । ਪਰ ਗੁਰੂ ਪਿਤਾ ਜੀ, "ਤੂੰ ਮੇਰਾ ਗੁਰੂ ਨਹੀਂ ਤੇ ਮੈਂ ਤੇਰਾ ਸਿੱਖ ਨਹੀਂ", ਇਹ ਇਕ ਵਾਰ ਕਹਿਣ ਵਾਲਿਆਂ ਨੇ ਤਾਂ ਆਪਣਾ ਸਭ ਕੁਝ ਤੁਹਾਨੂੰ ਸਮਰਪਿਤ ਕਰ ਦਿੱਤਾ ਅਤੇ ਤੁਹਾਡੇ ਕੋਲੋਂ 'ਮੁਕਤਿਆਂ' ਦਾ ਖਿਤਾਬ ਲੈ ਲਿਆ ਅਤੇ ਉਹਨਾਂ ਨੇ ਸਦਾ ਲਈ ਆਪਣੀ 'ਟੁੱਟੀ' ਤੁਹਾਡੇ ਕੋਲੋਂ 'ਗੰਢਵਾ' ਲਈ । ਪਰ ਗੁਰੂ ਪਿਤਾ ਜੀ ਸੋਚ ਰਿਹਾ / ਰਹੀ ਸਾਂ ਕਿ ਇੱਕ ਵਾਰ ਕਹਿਣਾ ਤੇ ਵਾਰ-ਵਾਰ ਕਹਿਣਾ ਇਸ ਵਿੱਚ ਬਹੁਤ ਫ਼ਰਕ ਹੈ । ਮੈਂ ਤਾਂ ਹਰ ਰੋਜ ਅਵਗੁਣ ਕਮਾਉਂਦਾ/ਕਮਾਉਂਦੀ ਹਾਂ, ਤੇਰੇ ਹੁਕਮਾਂ ਦੀ ਉਲੰਘਣਾ ਕਰਦਾ/ਕਰਦੀ ਹਾਂ, ਮੇਰੇ ਤਾਂ ਬੇਦਾਵਿਆਂ ਦੇ ਵੀ ਬੰਡਲ ਬੰਨ੍ਹੇ ਹਨ ਅਤੇ ਮੇਰੇ ਮਨ ਵਿੱਚ ਤਾਂ ਭੁੱਲ ਦਾ ਅਹਿਸਾਸ ਵੀ ਨਹੀਂ ਹੈ, ਕਿਉਂਕਿ 'ਭੁੱਲਾਂ ਦਾ ਅਹਿਸਾਸ' ਕਰਨ ਵਾਲੇ ਤਾਂ ਕੁਝ ਕਰਕੇ ਹੀ ਮੁਆਫ਼ੀ ਮੰਗਦੇ ਹਨ ਤੇ ਮੈਂ ਤੇ ਬਿਨਾਂ ਕੁਝ ਕੀਤੇ ਤੇ ਬੇਸ਼ਰਮਾ ਵਾਂਗ ਮੁਆਫ਼ੀਨਾਮਾ ਲਿੱਖ ਰਿਹਾ/ਰਹੀ ਹਾਂ । ਗੁਰੂ ਪਿਤਾ ਜੀ, ਤਲਵੰਡੀ ਸਾਬੋ ਵਿਖੇ ਜਦੋਂ ਮਾਤਾ ਜੀ ਨੇ ਆਪ ਜੀ ਕੋਲੋਂ ਪੁੱਛਿਆ ਕਿ "ਸਾਹਿਬਜ਼ਾਦੇ ਕਿੱਥੇ ਹਨ ?" ਮਾਂ ਜੀ (ਮਾਤਾ ਗੁਜਰ ਕੌਰ) ਕਿੱਥੇ ਹਨ ?" ਤਾਂ ਤੁਸੀਂ ਬੜਾ (ਬਹੁਤ) ਵੱਡਾ ਮਾਣ ਕਰਕੇ ਸਾਡੇ ਵੱਲ ਹੱਥ ਕਰਕੇ ਇਹ ਕਿਹਾ ਕਿ "ਇਨ ਪੁਤਰਨ (ਇਹਨਾਂ ਪੁੱਤਰ/ਧੀਆਂ) ਕੇ ਸੀਸ ਪਰ...ਜੀਵਤ ਕਈ ਹਜ਼ਾਰ ।"

ਗੁਰੂ ਪਿਤਾ ਜੀ ਇਕ ਪ੍ਰਚਾਰਕ (ਜੋ ਤੁਹਾਡੇ 'ਇਨ ਪੁਤਰਨ' ਵਿੱਚ ਆਉਂਦਾ ਹੈ) ਨੇ ਇਹ ਦੱਸਿਆ ਕਿ 'ਵਾਰਨਾ' ਲਫਜ਼ ਬਹੁਤ ਵੱਡਾ ਹੁੰਦਾ ਹੈ ਕਿਉਂਕਿ ਜਿਹੜੀ ਚੀਜ਼ ਵਾਰੀ ਜਾਵੇ ਉਸ ਨੂੰ ਵਾਰਨ ਛੋਟਾ ਸਮਝਦਾ ਹੈ ਅਤੇ ਜਿਸ ਉੱਤੇ ਵਾਰੀ ਜਾਵੇ, ਉਸ ਨੂੰ ਵੱਡਾ ਸਮਝਦਾ ਹੈ (ਜਿਵੇਂ ਵਿਆਹ ਵੇਲੇ ਆਪਾਂ ਬੱਚਿਆਂ ਉਪਰੋਂ ਨੋਟ ਵਾਰਦੇ ਹਾਂ, ਪੈਸੇ ਨੂੰ ਘੱਟ ਅਹਿਮੀਅਤ ਦਿੰਦੇ ਹਾਂ, ਜਿਸ ਉਪਰੋਂ ਵਾਰ ਰਹੇ ਹਾਂ, ਉਹਨਾਂ ਨੂੰ ਜ਼ਿਆਦਾ ਅਹਿਮੀਅਤ ਦਿੰਦੇ ਹਾਂ)।

ਗੁਰੂ ਪਿਤਾ ਜੀ ਤੁਸੀਂ ਸਾਡੇ ਉਪਰੋਂ ਸਾਹਿਬਜ਼ਾਦੇ 'ਵਾਰ' ਦਿੱਤੇ। ਬੇਸ਼ੱਕ ਤੁਸੀਂ ਸਾਹਿਬਜ਼ਾਦਿਆਂ ਨੂੰ ਵੀ ਬਹੁਤ ਪਿਆਰ ਕਰਦੇ ਹੋ (ਸੀ) ਪਰ ਸਾਡੇ ਉਪਰੋਂ 'ਵਾਰ' ਕੇ ਤੁਸੀਂ ਸਾਨੂੰ ਜ਼ਿਆਦਾ ਅਹਿਮੀਅਤ ਦਿੱਤੀ ਸੀ। ਪਰ ਮੈਂ/ਅਸੀਂ ਅਕ੍ਰਿਤਘਣਾਂ ਦੇ ਵਾਂਗ ਤੁਹਾਡੇ ਹੁਕਮਾਂ ਦੀ ਉਲੰਘਣਾ ਕਰਦਿਆਂ ਹੋਇਆਂ 'ਬਦਾਵਿਆਂ ਦੇ ਬੰਡਲ' ਬੰਨ੍ਹ ਲਏ। ਕੁਝ ਦਾ ਜ਼ਿਕਰ ਹੀ ਕਰ ਰਿਹਾ ਹਾਂ 'ਮੁਆਫ਼ੀਨਾਮੇ' ਵਿੱਚ। ਕਿਉਂਕਿ ਜ਼ਿਆਦਾ ਲਿਖਦਿਆਂ ਸ਼ਰਮ ਆਉਂਦੀ ਹੈ।

1. ਗੁਰੂ ਪਿਤਾ ਜੀ ਤੁਸੀਂ 9 ਸਾਲ ਦੀ ਉਮਰ ਵਿੱਚ ਆਪਣੇ ਪਿਤਾ (ਗੁਰੂ ਤੇਗ ਬਹਾਦਰ ਜੀ) ਨੂੰ ਮਨੁੱਖੀ ਅਧਿਕਾਰਾਂ ਦੀ ਆਜ਼ਾਦੀ ਲਈ ਕੁਰਬਾਨ ਹੋਣ ਲਈ 'ਧਰਮ ਦੀ ਚਾਦਰ' ਬਣਾ ਕੇ ਦਿੱਲੀ ਵੱਲ ਤੋਰਿਆ, ਉਦੋਂ ਹੀ ਮਨੁੱਖਤਾ ਪ੍ਰਤੀ ਤੁਹਾਡਾ ਪਿਆਰ ਜੱਗ ਜ਼ਾਹਰ ਹੋ ਗਿਆ। ਪਰ ਅਸੀਂ ਸਿੱਖ/ਸਿੰਘ ਕਹਾਉਣ ਵਾਲੇ, (ਜਿਨ੍ਹਾਂ ਨੂੰ ਤੁਸੀ "ਇਨ ਪੁਤਰਨ" ਕਿਹਾ) ਤੇਰੇ ਪਿਆਰ ਦਾ ਅਹਿਸਾਸ ਨਾ ਕਰ ਸਕੇ ਤਾਂ ਜਿਨ੍ਹਾਂ ਵਿਰੋਧੀ ਵਿਚਾਰਾਂ ਖਾਤਰ ਤੁਸੀਂ ਆਪਣੇ ਪਿਤਾ ਜੀ ਨੂੰ ਭੇਜਿਆ ਉਹਨਾਂ ਵਿਰੋਧੀ ਵਿਚਾਰਾਂ ਨੂੰ ਮੰਨਣ ਵਾਲਿਆਂ ਤੇ ਤਾਂ ਕੀ ਸ਼ਿਕਵਾ ਕਰੀਏ ? ਗੁਰੂ ਪਿਤਾ ਜੀ, ਗੁਰੂ ਤੇਗ ਬਹਾਦਰ ਜੀ ਦਾ ਸੀਸ ਤੁਹਾਡੇ ਤੱਕ ਪਹੁੰਚਾਉਣ ਵਾਲੇ (ਜਿਨ੍ਹਾਂ ਨੂੰ ਤੁਸੀਂ ਆਪਣੇ ਬੇਟੇ ਕਿਹਾ) ("ਗੁਰੂ ਕਾ ਬੇਟਾ")। ਕਿਉਂਕਿ ਤੁਹਾਡੇ ਲਈ ਸੇਵਾ ਕਰਨ ਵਾਲਾ ਮਹਾਨ ਹੈ, ਤੁਸੀਂ ਜਾਤ-ਪਾਤ ਨਹੀਂ ਦੇਖਦੇ। ਤੇ ਅਸੀਂ ਤੇਰੇ ਬੇਵਕੂਫ਼ ਪੁੱਤਰ/ਧੀਆਂ ਨੇ ਜਾਤਾਂ ਦੇ ਅਧਾਰ ਉੱਪਰ ਗੁਰਦੁਆਰੇ ਬਣਾ ਲਏ ਅਤੇ ਤੁਹਾਨੂੰ ਬੇਦਾਵੇ ਲਿਖੇ ਤੇ ਆਪਣੇ ਉਹਨਾਂ ਕਿਰਤੀ/ਗਰੀਬ ਵੀਰਾਂ/ ਭੈਣਾਂ ਨੂੰ (ਜਿਨ੍ਹਾਂ ਨੂੰ ਤੁਸੀਂ 'ਗੁਰੂ ਕੇ ਬੇਟੇ' ਸਮਝਦੇ ਹੋ) ਆਪਣੀ ਜਾਤ/ਅਹੁਦੇ/ਲੀਡਰੀ ਦੇ ਹੰਕਾਰ ਵਿੱਚ ਤੁਹਾਡੇ ਪਿਆਰ ਦਾ ਅਹਿਸਾਸ ਨਹੀਂ ਹੋਣ ਦਿੱਤਾ। ਸਾਨੂੰ ਮੁਆਫ਼ ਕਰਿਓ ਗੁਰੂ ਪਿਤਾ ਜੀ !...

2. ਤੁਸੀਂ ਕੇਸਾਂ ਦੀ ਬੇਅਦਬੀ ਨਾ ਕਰਨ ਬਾਰੇ ਕਿਹਾ, ਗੁਰੂ ਪਿਤਾ ਜੀ ਅਸੀਂ ਤੁਹਾਨੂੰ Ignore ਕਰਕੇ, ਇਹ ਵੀ ਕਰਦੇ ਹਾਂ, ਸਾਨੂੰ ਮੁਆਫ਼ ਕਰਿਓ।

3. ਤੁਸੀਂ ਸਾਨੂੰ ਨਸ਼ਾ ਆਦਿਕ (ਤੰਬਾਕੂ ਜਾਂ ਕਿਸੇ ਕਿਸਮ ਦਾ) ਨਾ ਵਰਤਣ ਲਈ ਕਿਹਾ, ਤੁਹਾਡਾ ਤਾਂ ਘੋੜਾ ਵੀ ਤੰਬਾਕੂ ਦੇ ਖੇਤ ਵਿਚੋਂ ਨਹੀਂ ਗੁਜ਼ਰਦਾ। ਸੋਚ ਰਿਹਾ/ਰਹੀ ਸਾਂ ਗੁਰੂ ਪਿਤਾ ਤੁਹਾਡਾ ਪਸ਼ੂ/ਜਾਨਵਰ (ਘੋੜਾ) ਵੀ ਤੁਹਾਡਾ ਹੁਕਮ ਮੰਨਦਾ ਹੈ ਤੇ ਤੇਰੇ ਅਖੌਤੀ 'ਇਨ ਪੁਤਰਨ' ਨੇ ਥਾਂ-ਥਾਂ ਠੇਕੇ ਖੋਲ੍ਹ ਦਿੱਤੇ, ਸਮੈਕਾਂ ਚਲਾ ਦਿੱਤੀਆਂ। ਸਾਨੂੰ ਮੁਆਫ਼ ਕਰਿਓ ਜੀ ...।

4. ਤੁਸੀਂ ਸਾਨੂੰ ਕਿਰਦਾਰ ਉੱਚਾ ਰੱਖਣ ਲਈ ਕਿਹਾ, ਪਰ ਸ਼ਾਇਦ ਅਸੀਂ...ਸਾਨੂੰ ਮੁਆਫ਼ ਕਰਿਓ ਜੀ।

5. ਗੁਰੂ ਪਿਤਾ ਜੀ, ਆਪਣੇ ਚਾਵਾਂ ਨਾਲ ਬਣਾਏ ਛੋਟੇ-ਛੋਟੇ ਘਰਾਂ ਨੂੰ ਛੱਡਣਾ ਬਹੁਤ ਔਖਾ ਹੈ ਉਹ ਵੀ ਬਿਨਾਂ ਕਿਸੇ ਕਾਰਨ ਤੋਂ। ਤੇ ਤੁਸੀਂ ਆਪਣੀ ਆਨੰਦਾਂ ਦੀ ਪੁਰੀ (ਅੰਨਦਪੁਰ ਸਾਹਿਬ, ਆਪਣਾ ਘਰ) ਨੂੰ ਵੀ ਸਾਡੇ ਲਈ ਛੱਡਿਆ ਤੇ ਗੁਰੂ ਪਿਤਾ ਜੀ ਅਸੀਂ ਤੇਰੀ ਗੱਲ ਸੁਣਾਉਣ ਲਈ ਥੋੜ੍ਹਾ ਸਮਾਂ ਵੀ ਨਾ ਕੱਢਿਆ। ਸਾਨੂੰ ਮੁਆਫ਼ ਕਰਿਓ...।

6. ਤੁਸੀਂ ਔਖੀ ਘੜੀ (ਸਰਸਾ ਨਦੀ ਦੇ ਕਿਨਾਰੇ, ਜਦੋਂ ਫ਼ੌਜਾਂ ਪਿੱਛੇ ਹਨ, ਕਹਿਰਾਂ ਦੀ ਸਰਦੀ ਹੈ, ਧੁੰਦ ਹੈ) ਵਿੱਚ ਵੀ ਨਿਤਨੇਮ ਕਰਦੇ ਹੋ ਤੇ ਸਾਨੂੰ ਸਿਖਾਉਂਦੇ ਹੋ ਕਿ ਦੁੱਖ ਸਮੇਂ ਵੀ ਗੁਰਬਾਣੀ ਨਾਲੋਂ ਨਹੀਂ ਟੁੱਟਣਾ ਤੇ ਅਸੀਂ ਗੁਰੂ ਪਿਤਾ ਜੀ, ਖੁਸ਼ੀਆਂ ਖੇੜੇ ਮਾਣਦੇ, ਵਿਆਹਾਂ ਵਿੱਚ, ਛੱਤੀ ਪ੍ਰਕਾਰ ਦੇ ਭੋਜਨ ਖਾਂਦਿਆਂ ਵੀ ਨਿਤਨੇਮ, ਸਹਿਜਪਾਠ ਨਹੀਂ ਕਰਦੇ। ਸਾਨੂੰ ਮੁਆਫ਼ ਕਰਿਓ ਜੀ...।

7. ਚਮਕੌਰ ਦੀ ਗੜ੍ਹੀ ਵਿੱਚ ਚਾਲੀ ਸਿੰਘਾਂ ਨੂੰ ਆਰਾਮ ਕਰਾਉਣਾ ਤੇ ਆਪ ਪਹਿਰੇ ਦੀ ਸੇਵਾ ਕਰਕੇ ਤੁਸੀਂ ਸਮਝਾਇਆ ਕਿ ਜੇਕਰ ਸਾਰੇ ਸੁੱਤੇ ਵੀ ਹੋਣ ਤਾਂ ਕੌਮ ਦੇ ਲੀਡਰ/ਜਥੇਦਾਰ ਜਾਗਦੇ ਰਹਿਣੇ ਚਾਹੀਦੇ ਹਨ। ਪਰ...ਸਾਨੂੰ ਮੁਆਫ਼ ਕਰਿਓ ਜੀ...।

8. ਤੁਸੀਂ ਪੰਜ ਪਿਆਰਿਆਂ ਨੂੰ ਆਪਣੇ ਤੋਂ ਵੱਡਾ ਰੁਤਬਾ ਦਿੰਦੇ ਹੋ ਤਾਂ ਹੀ ਤਾਂ ਉਹਨਾਂ ਦਾ ਹੁਕਮ ਮੰਨ ਕੇ ਗੜ੍ਹੀ ਛੱਡੀ ਤੇ ਅਸੀਂ ਗੁਰੂ ਪਿਤਾ ਜੀ ਗਲਤ ਕੰਮ ਵੀ ਕਰਦੇ ਹਾਂ, ਪੰਜ ਪਿਆਰਿਆਂ ਨੂੰ ਤਾਂ ਅਸੀਂ...ਸਾਨੂੰ ਮੁਆਫ਼ ਕਰਿਓ ਜੀ...।

9. ਜਾਨ ਤੋਂ ਪਿਆਰੇ ਸਿੰਘਾਂ ਦੀਆਂ ਅਤੇ ਵੱਡੇ ਪੁੱਤਰਾਂ ਦੀਆਂ ਲਾਸ਼ਾਂ ਲੰਘਦਿਆਂ, ਮਾਛੀਵਾੜੇ ਦੇ ਜੰਗਲਾਂ ਵਿੱਚ ਤੁਹਾਡਾ ਅਕਾਲ ਪੁਰਖ ਦਾ ਸ਼ੁਕਰਾਨਾ ਕਰਨਾ, ਤੁਹਾਡੇ

'ਸਾਗਰ' ਵਰਗੇ ਹਿਰਦੇ ਦੀ ਵਿਸ਼ਾਲਤਾ ਤੇ ਆਤਮਿਕ ਮੰਡਲਾਂ ਦੀ ਉਚਾਈ ਬਿਆਨ ਕਰਦਾ ਹੈ ਤੇ ਅਸੀਂ ਥੋੜ੍ਹੇ ਜਿਹੇ ਦੁੱਖ ਵਿੱਚ ਹੀ ਉਲ੍ਹਾਮੇ ਦੇਣਾ ਸ਼ੁਰੂ ਕਰ ਦਿੰਦੇ ਹਾਂ, ਸਾਨੂੰ ਮੁਆਫ਼ ਕਰਿਓ ਜੀ...।

10. ਸਾਹਿਬਜ਼ਾਦੇ 7 ਤੋਂ 9 ਸਾਲ ਦੀ ਉਮਰ ਵਿੱਚ ਨੀਂਹਾਂ ਵਿੱਚ ਖੜ੍ਹਦੇ ਹਨ, ਵਜ਼ੀਰੇ ਦੀ ਕਚਹਿਰੀ ਵਿੱਚ 'ਫ਼ਤਹਿ ਸਿੰਘ' ਫ਼ਤਹਿ ਬੁਲਾਉਂਦਾ ਹੈ । ਲਾਲਚਾਂ ਅੱਗੇ ਨਹੀਂ ਡੋਲਦੇ ਤੇਰੇ ਸਾਹਿਬਜ਼ਾਦੇ । ਤੇ ਗੁਰੂ ਪਿਤਾ ਜੀ ਸਾਨੂੰ ਤਾਂ ਤੁਸੀਂ ਸਾਹਿਬਜ਼ਾਦਿਆਂ ਤੋਂ ਵੀ ਜ਼ਿਆਦਾ ਅਹਿਮੀਅਤ ਦਿੱਤੀ, ਤੇ ਅਸੀਂ ਆਪਣੇ ਜ਼ਮੀਰ ਨੂੰ ਕਿੱਥੇ-ਕਿਥੇ ਵੇਚਿਆ । ਸਾਨੂੰ ਮੁਆਫ਼ ਕਰਿਓ ਜੀ...।

11. ਤੁਹਾਡੀ ਮਾਂ ਜੀ ਅਤੇ ਸਾਡੀ ਦਾਦੀ ਮਾਂ ਜੀ, ਗੁੱਜਰ ਕੌਰ ਨੂੰ ਕਸ਼ਟ ਦਿੱਤੇ ਗਏ ਅਤੇ ਤੇਰੇ ਭੇਜੇ 'ਬੰਦੇ' (ਬੰਦਾ ਸਿੰਘ ਬਹਾਦਰ) ਨੇ 6 ਸਾਲਾਂ ਬਾਅਦ ਹੀ ਦੱਸ ਦਿੱਤਾ ਕਿ ਬੇਦੋਸ਼ਿਆਂ ਨੂੰ ਕਸ਼ਟ ਦੇਣ/ਸ਼ਹੀਦ ਕਰਨ ਵਾਲਿਆਂ ਦੇ 'ਰਾਜ' ਜ਼ਿਆਦਾ ਸਮਾਂ ਨਹੀਂ ਰਹਿੰਦੇ । ਸ਼ਾਇਦ ਤਾਂ ਹੀ ਸਾਡੇ 'ਰਾਜ ਕਰੇਗਾ ਖਾਲਸਾ' ਦੇ ਸੁਪਨੇ ਅਧੂਰੇ ਰਹਿ ਰਹੇ ਹਨ, ਕਿਉਂਕਿ ਅਸੀਂ ਵੀ ਤਾਂ ਬੱਚਿਆਂ/ਬਜ਼ੁਰਗਾਂ ਨੂੰ ਬਣਦਾ ਪਿਆਰ/ਸਤਿਕਾਰ ਸੰਭਾਲ ਨਹੀਂ ਦੇ ਰਹੇ । ਸਾਨੂੰ ਮੁਆਫ਼ ਕਰਿਓ ਜੀ...।

12. ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਦੇ ਕੇ ਆਪ ਜੀ ਨੇ 'ਗੁਰੂ ਮਾਨੀਓ ਗ੍ਰੰਥ ਦਾ ਹੁਕਮ ਦੇ ਦਿੱਤਾ ਤੇ ਅਸੀਂ ਪਤਾ ਨਹੀਂ ਕਿਸ ਕਿਸ ਨੂੰ ਗੁਰੂ ਮੰਨ ਲਿਆ । ਸਾਨੂੰ ਮੁਆਫ਼ ਕਰਿਓ ਜੀ...।

ਹੋਰ ਪਤਾ ਨਹੀਂ ਕਿੰਨੇ ਬੇਦਾਵੇ ਹਨ ਗੁਰੂ ਪਿਤਾ ਜੀ । ਮੁਆਫ਼ੀ ਵੀ ਕਿਹੜੇ ਮੂੰਹ ਨਾਲ ਮੰਗਾਂ ?

ਨੋਟ : ਇੱਕ ਗੱਲ ਹੱਥ ਜੋੜ ਕੇ ਤੁਹਾਡੇ ਚਰਨੀਂ ਡਿੱਗ ਕੇ ਕਬੂਲ ਕਰਦਾ/ਕਰਦੀ ਹਾਂ ਕਿ ਮੈਂ ਤੁਹਾਡੇ ਉਹਨਾਂ 'ਇਨ ਪੁਤਰਨ' ਵਿੱਚ ਨਹੀਂ ਆਉਂਦਾ/ਆਉਂਦੀ, ਜਿਨ੍ਹਾਂ ਤੋਂ ਤੁਸੀਂ ਆਪਣਾ ਸਰਬੰਸ ਕੁਰਬਾਨ ਕੀਤਾ ਸੀ ।

ਸਾਨੂੰ ਮੁਆਫ਼ ਕਰ ਦਿਓ ਗੁਰੂ ਪਿਤਾ ਜੀ, ਅਸੀਂ ਤੁਹਾਡੇ ਭਰੋਸੇ ਦਾ ਕਤਲ ਕੀਤਾ ਹੈ । ਤੁਹਾਡੇ ਨਾਲ ਵਾਅਦਾ ਕਰਦੇ ਹਾਂ ਕਿ ਆਪਣੇ ਅਵਗੁਣ ਘਟਾਉਣ ਤੇ ਤੁਹਾਡੇ ਹੁਕਮਾਂ ਦੀ ਪਾਲਣਾ ਕਰਨ ਦੇ ਯਤਨ ਹੁਣ ਤੋਂ ਹੀ ਸ਼ੁਰੂ ਕਰਦੇ ਹਾਂ ...

ਖ਼ਿਮਾਂ ਦੇ ਜਾਚਕ !

ਆਪਣੀਆਂ ਟੁੱਟੀਆਂ ਗੰਢਾਉਣ ਦੇ ਚਾਹਵਾਨ ਤੇਰੇ 'ਇਨ ਪੁਤਰਨ' ਵਿੱਚ ਨਾ ਆਉਣ ਵਾਲੇ ਨਲਾਇਕ ਪੁੱਤਰ/ਧੀਆਂ ।

ਧੰਨਵਾਦ ਸਾਹਿਤ ਵਿੱਚੋਂ
ਸਿੱਖ ਫਲਵਾੜੀ, (ਲੇਖਕ-ਪ੍ਰੋ: ਗੁਰਪ੍ਰੀਤ ਸਿੰਘ )

## ਸ੍ਰੀ ਗੁਰੂ ਹਰਿਰਾਇ ਜੀ

ਪ੍ਰੋ. ਕਰਤਾਰ ਸਿੰਘ, ਐਮ.ਏ.

ਸ੍ਰੀ ਗੁਰੂ ਹਰਿਰਾਇ ਸਾਹਿਬ ਦਾ ਜਨਮ ਕੀਰਤਪੁਰ ਵਿੱਖੇ 16 ਜਨਵਰੀ ਸੰਨ 1630 ਨੂੰ ਬਾਬਾ ਗੁਰਦਿੱਤਾ ਜੀ ਦੇ ਘਰ ਹੋਇਆ । ਬਾਬਾ ਗੁਰਦਿੱਤਾ ਜੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸੱਭ ਤੋਂ ਵੱਡੇ ਸਾਹਿਬਜ਼ਾਦੇ ਸਨ । ਕੀਰਤਪੁਰ ਨਗਰ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਹੁਕਮ ਨਾਲ ਸੰਨ 1627 ਵਿੱਚ ਬਾਬਾ ਗੁਰਦਿੱਤਾ ਜੀ ਨੇ ਵਸਾਇਆ ਸੀ । ਇਸ ਥਾਂ ਤੇ ਗੁਰੂ ਨਾਨਕ ਦੇਵ ਜੀ ਸਾਈਂ ਬੁੱਢਣ ਸ਼ਾਹ ਨੂੰ ਮਿਲੇ ਸਨ । ਗੁਰੂ ਜੀ ਦੀ ਮਾਤਾ ਦਾ ਨਾਮ ਨਿਹਾਲ ਕੌਰ ਜੀ ਸੀ । ਗੁਰੂ ਹਰਿਰਾਇ ਜੀ ਦਾ ਵਿਆਹ ਅਨੂਪ ਸ਼ਹਿਰ, ਜ਼ਿਲ੍ਹਾ ਬੁਲੰਦ ਸ਼ਹਿਰ, (ਉੱਤਰ ਪ੍ਰਦੇਸ਼) ਨਿਵਾਸੀ ਸ੍ਰੀ ਦਇਆ ਰਾਮ ਜੀ ਦੀ ਸਪੁੱਤਰੀ ਕਿਸ਼ਨ ਕੌਰ (ਸੁਲੱਖਣੀ) ਜੀ ਨਾਲ ਸੰਨ 1640 ਵਿੱਚ ਹੋਇਆ, ਜਿਹਨਾਂ ਦੀ ਕੁੱਖ ਤੋਂ ਦੋ ਪੁੱਤਰ ਬਾਬਾ ਰਾਮਰਾਇ ਤੇ ਸ੍ਰੀ (ਗੁਰੂ) ਹਰਿਕ੍ਰਿਸ਼ਨ ਸਾਹਿਬ ਜੀ ਪੈਦਾ ਹੋਏ ।

ਗੁਰੂ ਹਰਿਗੋਬਿੰਦ ਸਾਹਿਬ 3 ਮਾਰਚ ਸੰਨ 1644 ਨੂੰ ਜੋਤੀ ਸਮਾਏ ਤੇ ਗੁਰਿਆਈ ਦੀ ਜ਼ਿੰਮੇਵਾਰੀ ਗੁਰੂ ਹਰਿਰਾਇ ਸਾਹਿਬ ਨੂੰ ਸੌਂਪ ਦਿੱਤੀ । ਉਸ ਸਮੇਂ ਗੁਰੂ ਹਰਿਰਾਇ ਸਾਹਿਬ ਦੀ ਉਮਰ 14 ਸਾਲ ਦੇ ਕਰੀਬ ਸੀ ।

ਸੰਨ 1646 ਵਿੱਚ ਪੰਜਾਬ ਵਿੱਚ ਕਾਲ ਪੈ ਗਿਆ । ਤਿੰਨ ਸਾਲ ਬੜੀ ਔੜ ਲੱਗੀ ਰਹੀ । ਲੋਕ ਰੋਟੀ ਦੀ ਇਕ-ਇਕ ਬੁਰਕੀ ਲਈ ਤਰਸਣ ਲੱਗੇ । ਮਨੁੱਖ ਮਨੁੱਖਾਂ ਨੂੰ ਖਾਣ ਲੱਗੇ । ਗੁਰੂ ਹਰਿਰਾਇ ਸਾਹਿਬ ਦੇ ਸਾਹਮਣੇ ਆਪਣੇ ਦਾਦਾ ਅਤੇ ਪੜਦਾਦਾ ਜੀ ਦੇ ਪਾਏ ਪੂਰਨੇ ਮੌਜੂਦ ਸਨ । ਜਿਹੜਾ ਦਸਵੰਧ ਗੁਰੂ ਅਰਜੁਨ ਸਾਹਿਬ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਗਰੀਬਾਂ ਦੇ ਕੰਮ ਆਇਆ ਸੀ, ਉਹ ਦਸਵੰਧ ਹੁਣ ਵੀ ਕਾਲ-ਪੀੜਤਾਂ ਲਈ ਵਰਤਿਆ ਗਿਆ । ਸਿੱਖਾਂ ਦੀ ਗਿਣਤੀ ਵੀ ਵੱਧ ਚੁੱਕੀ ਸੀ । ਦੂਸਰੇ ਪ੍ਰਾਂਤਾਂ ਵਿਚੋਂ ਸੁਖੀ ਵਸਦੇ ਸਿੱਖਾਂ ਨੇ ਕਾਲ ਪੀੜਤਾਂ ਲਈ ਦਿਲ ਖੋਲ੍ਹ ਕੇ ਮਾਇਆ ਦਿੱਤੀ ।

ਜਦੋਂ ਸ਼ਾਹ ਜਹਾਨ ਨੇ ਹੁਕਮ ਦਿੱਤਾ ਕਿ ਸਭ ਨਵੇਂ ਬਣੇ ਮੰਦਰ ਢਾਹ ਦਿੱਤੇ ਜਾਣ ਤੇ ਪੁਰਾਣੇ ਮੰਦਰਾਂ ਦੀ ਮੁਰੰਮਤ ਵੀ ਨਾ ਹੋਣ ਦਿੱਤੀ ਜਾਏ ਤਾਂ ਹਿੰਦੂ ਜਨਤਾ ਉੱਤੇ ਸਹਿਮ ਪੈ ਗਿਆ । ਭਾਵੇਂ ਇਹ ਹੁਕਮ ਸਿੱਖਾਂ ਦੇ ਧਰਮ ਅਸਥਾਨਾਂ ਉੱਤੇ ਲਾਗੂ ਨਹੀਂ ਸੀ, ਕਿਉਂਕਿ

ਸਿੱਖ ਮੂਰਤੀ-ਪੂਜ ਨਹੀਂ ਸਨ ਪਰ ਗੁਰੂ ਰਹਿਰਾਇ ਸਾਹਿਬ ਦੇ ਸਾਹਮਣੇ ਤਾਂ ਸਿੱਖੀ ਦਾ ਇਹ ਅਸੂਲ ਸੀ ਕਿ ਨਾ ਕਿਸੇ ਤੋਂ ਡਰੋ ਤੇ ਨਾ ਕਿਸੇ ਨੂੰ ਡਰਾਵੋ । ਇਸ ਲਈ ਆਪ ਨੇ ਸਹਿਮੇ ਹੋਏ ਹਿੰਦੂਆਂ ਨੂੰ ਸਹਾਰਾ ਦੇਣ ਲਈ ਕੀਰਤਪੁਰ ਦੇ ਆਸ-ਪਾਸ ਦੇ ਇਲਾਕੇ ਵਿੱਚ ਪ੍ਰਚਾਰ ਕੀਤਾ । ਫਿਰ ਗੁਰੂ ਜੀ ਕੀਰਤਪੁਰ ਤੋਂ ਕਰਤਾਰਪੁਰ ਚਲੇ ਗਏ ਤੇ ਕਰਤਾਰਪੁਰ ਤੋਂ ਨੂਰਮਹਲ, ਡਰੋਲੀ, ਭਾਈ ਰੂਪਾ ਆਦਿਕ ਨਗਰਾਂ ਤੋਂ ਹੁੰਦੇ ਹੋਏ ਪਿੰਡ ਮੇਹਰਾਜ ਪੁੱਜੇ । ਇਥੋਂ ਦੇ ਚੌਧਰੀ ਭਾਈ ਰੂਪਾ ਆਦਿਕ ਨਗਰਾਂ ਤੋਂ ਹੁੰਦੇ ਹੋਏ ਪਿੰਡ ਮੇਹਰਾਜ ਪੁੱਜੇ । ਇਥੋਂ ਦੇ ਚੌਧਰੀ ਭਾਈ ਕਾਲੇ ਨੇ ਬੜੀ ਸੇਵਾ ਕੀਤੀ । ਸਤਿਗੁਰੂ ਜੀ ਇਥੇ ਕਈ ਦਿਨ ਟਿਕੇ ਰਹੇ । ਇੱਕ ਦਿਨ ਚੌਧਰੀ ਕਾਲਾ ਆਪਣੇ ਦੋ ਭਤੀਜਿਆਂ ਫੂਲ ਤੇ ਸੰਦਲੀ ਨੂੰ ਲੈ ਕੇ ਸਤਿਗੁਰੂ ਜੀ ਦੇ ਦਰਬਾਰ ਵਿੱਚ ਆਇਆ । ਇਹਨਾਂ ਮੁੰਡਿਆਂ ਦੇ ਮਾਪੇ ਮਰ ਚੁੱਕੇ ਸਨ । ਚੌਧਰੀ ਕਾਲਾ ਹੀ ਇਹਨਾਂ ਦਾ ਪਾਲਣਾ ਪੋਸਣਾ ਕਰਦਾ ਸੀ । ਇਹਨਾਂ ਨੂੰ ਹਰਿ ਗੋਬਿੰਦ ਸਾਹਿਬ ਜੀ ਨੇ ਖੁਸ਼ਹਾਲ ਹੋਣ ਦੀ ਅਸ਼ੀਰਵਾਦ ਦਿੱਤੀ ਸੀ । ਗੁਰੂ ਹਰਿ ਰਾਇ ਜੀ ਨੇ ਵੀ ਇਹਨਾਂ ਤੇ ਵਿਸ਼ੇਸ਼ ਬਖਸ਼ਿਸ਼ ਕੀਤੀ ਤੇ ਫੁਰਮਾਇਆ ਕਿ ਇਹਨਾਂ ਦੀ ਸੰਤਾਨ ਸਤਲੁਜ ਤੇ ਜਮੁਨਾ ਦੇ ਵਿਚਕਾਰ ਰਾਜ ਕਰਿਆ ਕਰੇਗੀ । ਆਪ ਜੀ ਦੀ ਇਸ ਅਸ਼ੀਰਵਾਦ ਸਦਕਾ ਪਟਿਆਲਾ, ਨਾਭਾ ਤੇ ਜੀਂਦ ਦੀਆਂ ਰਿਆਸਤਾਂ ਹੋਂਦ ਵਿੱਚ ਆਈਆਂ ਜਿਨ੍ਹਾਂ ਨੂੰ ਫੂਲਕੀਆਂ ਰਿਆਸਤਾਂ ਆਖਿਆ ਜਾਂਦਾ ਹੈ ।

ਜਿਥੇ ਆਪ ਦੁਖੀ ਦਿਲਾਂ ਨੂੰ ਨਾਮ-ਦਾਰੂ ਦੇ ਕੇ ਅਰੋਗ ਤੇ ਸੁਖੀ ਕਰਦੇ ਸਨ ਉਥੇ ਆਪ ਨੇ ਇਨਸਾਨਾਂ ਦੇ ਰੋਗੀ ਸਰੀਰਾਂ ਦੇ ਰੋਗ ਮਿਟਾਉਣ ਲਈ ਬੜਾ ਵੱਡਾ ਦਵਾਖਾਨਾ ਖੋਲ੍ਹਿਆ, ਜਿਸ ਵਿੱਚ ਬੜੀਆਂ ਕੀਮਤੀ ਤੇ ਦੁਰਲੱਭ ਦਵਾਈਆਂ ਮੰਗਾ ਕੇ ਰੱਖੀਆਂ । ਹਰ ਰੋਗੀ ਨੂੰ ਹਰ ਵੇਲੇ ਮੁਫਤ ਦਵਾਈ ਤੇ ਖੁਰਾਕ ਮਿਲਦੀ ਸੀ । ਇੱਕ ਵਾਰ ਸ਼ਾਹ ਜਹਾਨ ਦਾ ਪੁੱਤਰ ਦਾਰਾ ਸ਼ਿਕੋਹ ਬੀਮਾਰ ਹੋ ਗਿਆ । ਹਕੀਮਾਂ ਨੇ ਖਾਸ ਕਿਸਮ ਤੇ ਵਜ਼ਨ ਦੇ ਲੌਂਗ, ਹਰੀੜਾਂ ਤੇ ਰਾਜਮੌਤੀ ਦਵਾਈ ਲਈ ਤਜਵੀਜ਼ ਕੀਤੇ । ਇਹ ਚੀਜ਼ਾਂ ਆਪ ਦੇ ਦਵਾਈਖਾਨੇ ਤੋਂ ਬਿਨਾਂ ਹੋਰ ਕਿਤਿਓਂ ਨਾ ਮਿਲੀਆਂ । ਦਾਰਾ ਸ਼ਿਕੋਹ ਰਾਜ਼ੀ ਹੋ ਗਿਆ । ਉਸਨੇ ਕੀਰਤਪੁਰ ਪਹੁੰਚ ਕੇ ਗੁਰੂ ਜੀ ਦਾ ਧੰਨਵਾਦ ਕੀਤਾ । ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਆਗਿਆ ਮੁਜਬ ਆਪ ਨੇ 2200 ਘੋੜ ਸਵਾਰ ਰੱਖੇ ਹੋਏ ਸਨ ਤਾਂ ਕਿ ਲੋੜ ਪੈਣ ਤੇ ਉਨ੍ਹਾਂ ਨੂੰ ਵਰਤਿਆ ਜਾ ਸਕੇ । ਜਦ ਸ਼ਾਹਜਹਾਨ ਦੇ ਪੁੱਤਰਾਂ ਵਿਚਕਾਰ ਦਿੱਲੀ ਦੇ ਤੱਖਤ ਲਈ ਲੜਾਈ ਹੋਈ ਤਾਂ ਇਸ ਸਮੇਂ ਗੁਰੂ ਜੀ ਨੂੰ ਆਪਣੀ ਫੌਜ ਮੈਦਾਨ ਵਿੱਚ ਲਿਆਉਣੀ ਪਈ । ਦਾਰਾ ਸ਼ਿਕੋਹ ਔਰੰਗਜ਼ੇਬ ਤੋਂ ਹਾਰ ਪਾ ਕੇ ਲਾਹੌਰ ਵੱਲ ਨੂੰ ਦੌੜਿਆ । ਉਸ ਨੂੰ ਫੜਨ ਲਈ ਔਰੰਗਜ਼ੇਬ ਨੇ ਉਸਦੇ ਮਗਰ ਫੌਜ ਭੇਜੀ । ਦਾਰਾ ਸ਼ਿਕੋਹ ਗੁਰੂ ਹਰਿਰਾਇ ਜੀ ਨੂੰ ਗੋਇੰਦਵਾਲ ਵਿਖੇ ਮਿਲਿਆ ਤੇ ਸਹਾਇਤਾ ਲਈ ਬੇਨਤੀ ਕੀਤੀ । ਸ਼ਰਨ ਆਏ ਦੁਖੀ ਲੋੜਵੰਦ ਦੀ ਬਾਂਹ ਫੜਨੀ ਗੁਰੂ ਨਾਨਕ ਦੇ ਘਰ ਦਾ ਪਹਿਲਾ ਅਸੂਲ ਰਿਹਾ ਹੈ । ਗੁਰੂ ਜੀ ਨੇ ਉਸਨੂੰ ਧੀਰਜ ਦਿੱਤਾ । ਪ੍ਰਸ਼ਾਦ ਛਕਾਇਆ ਤੇ ਵਿਦਾ ਕੀਤਾ । ਫਿਰ ਆਪ 2200 ਸੂਰਬੀਰ ਸਵਾਰ ਲੈ ਕੇ ਬਿਆਸ ਦਰਿਆ ਦੇ ਕੰਢੇ ਤੇ ਜਾ ਖਲੌਤੇ ਤੇ ਸਭ ਬੇੜੀਆਂ ਕਾਬੂ ਕਰ

ਲਈਆਂ । ਇਸ ਤਰ੍ਹਾਂ ਉਨ੍ਹਾਂ ਨੇ ਫੌਜ ਨੂੰ ਇਕ ਦਿਨ ਦਰਿਆ ਪਾਰ ਕਰਨੋਂ ਰੋਕ ਲਿਆ । ਉਤਨੇ ਚਿਰ ਨੂੰ ਦਾਰਾ ਸ਼ਿਕੋਹ ਥਾਂ ਸਿਰ ਜਾ ਪੁੱਜਾ ।

ਇਸ ਗੱਲ ਦਾ ਪਤਾ ਔਰੰਗਜ਼ੇਬ ਨੂੰ ਵੀ ਲੱਗ ਗਿਆ । ਜਦੋਂ ਉਹ ਭਰਾਵਾਂ ਨੂੰ ਮਾਰ ਮੁਕਾ ਕੇ ਤੇ ਪਿਉ ਨੂੰ ਕੈਦ ਕਰਕੇ ਬਾਦਸ਼ਾਹ ਬਣਿਆ ਤਾਂ ਉਸੇ ਤ ਤ ਤੇ ਬਹਿਣ ਮਗਰੋਂ ਛੇਤੀ ਹੀ ਗੁਰੂ ਜੀ ਨੂੰ ਸੱਦਾ ਭੇਜਿਆ । ਗੁਰੂ ਜੀ ਆਪ ਤਾਂ ਨਾ ਗਏ, ਪਰ ਆਪਣੇ ਥਾਂ ਆਪਣੇ ਵੱਡੇ ਪੁੱਤਰ ਬਾਬਾ ਰਾਮ ਰਾਇ ਜੀ ਨੂੰ ਭੇਜਿਆ । ਤੁਰਨ ਲੱਗਿਆਂ ਸਿੱਖਿਆ ਦਿੱਤੀ ਕਿ ਹਰੇਕ ਕਾਰਜ ਵਿੱਚ ਗੁਰੂ ਆਸਰੇ ਰਹਿਣਾ । ਗੁਰੂ ਨੂੰ ਅੰਗ-ਸੰਗ ਸਮਝਣਾ । ਬਾਬਾ ਰਾਮਰਾਇ ਜੀ ਬੜੇ ਪ੍ਰਬੀਨ ਤੇ ਹਾਜ਼ਰ-ਜਵਾਬ ਸਨ । ਉਹਨਾਂ ਦੀ ਵਿਦਵਤਾ ਦਾ ਔਰੰਗਜ਼ੇਬ ਤੇ ਬਹੁਤ ਅਸਰ ਪਿਆ । ਔਰੰਗਜ਼ੇਬ ਨੇ ਪੁੱਛਿਆ, ਕਿ ਗੁਰੂ ਹਰਿਰਾਇ ਜੀ ਨੇ ਦਾਰਾ ਸ਼ਿਕੋਹ ਦੀ ਕਿਉਂ ਸਹਾਇਤਾ ਕੀਤੀ, ਤਾਂ ਰਾਮਰਾਇ ਨੇ ਉੱਤਰ ਦਿੱਤਾ ਕਿ ਗੁਰੂ ਜੀ ਨੇ ਉਸ ਨੂੰ ਲੋੜਵੰਦ ਦੁਖੀਆ ਜਾਣ ਕੇ ਉਸ ਦੀ ਮਦਦ ਕੀਤੀ, ਕਿਸੇ ਵੈਰ ਭਾਵ ਧਾਰ ਕੇ ਨਹੀਂ । ਫਿਰ ਸਿੱਖ ਧਰਮ ਬਾਰੇ ਕਈ ਸਵਾਲ ਪੁੱਛੇ, ਜਿਹਨਾਂ ਦਾ ਉੱਤਰ ਰਾਮਰਾਇ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਆਸ਼ੇ ਮੁਤਾਬਕ ਦਿੱਤਾ । ਹਰੇਕ ਅਜ਼ਮਾਇਸ਼ ਵਿੱਚ ਰਾਮਰਾਇ ਜੀ ਪੂਰੇ ਉੱਤਰੇ । ਔਰੰਗਜ਼ੇਬ ਪੱਕਾ ਮੁਸਲਮਾਨ ਸੀ, ਉਹ ਚਾਹੁੰਦਾ ਸੀ ਕਿ ਪਿਆਰ ਤੇ ਸਤਿਕਾਰ ਨਾਲ ਰਾਮਰਾਇ ਜੀ ਦਾ ਦਿਲ ਜਿੱਤ ਕੇ ਆਪਣੇ ਦੀਨ ਵਿੱਚ ਲਿਆਂਦਾ ਜਾਏ । ਉਸ ਨੇ ਕਾਜ਼ੀਆਂ ਦੀ ਪ੍ਰੇਰਣਾ ਤੇ ਰਾਮਰਾਇ ਤੋਂ ਪੁੱਛਿਆ, "ਤੁਹਾਡੇ ਗਰੰਥ ਵਿੱਚ ਲਿਖਿਆ ਹੈ" :

"ਮਿਟੀ ਮੁਸਲਮਾਨ ਕੀ, ਪੇੜੈ ਪਈ ਕੁਮਿਆਰ ॥
ਘੜਿ ਭਾਂਡੇ ਇਟਾਂ ਕੀਆਂ, ਜਲਦੀ ਕਰੇ ਪੁਕਾਰ ॥

ਇਸਦੇ ਕੀ ਅਰਥ ਹਨ ? ਕੀ ਇਹ ਪ੍ਰਗਟ ਤੌਰ ਤੇ ਸਾਡੇ ਧਰਮ ਦੀ ਨਿੰਦਿਆ ਨਹੀਂ ? ਬਾਦਸ਼ਾਹ ਨਾਲ ਬਣਿਆ ਰਸੂਖ ਕਾਇਮ ਰੱਖਣ ਲਈ ਰਾਮਰਾਇ ਜੀ ਨਿਸ਼ਾਨੇ ਤੋਂ ਥਿੜਕ ਗਏ ਤੇ ਕਹਿ ਦਿੱਤਾ ਕਿ "ਮਿਟੀ ਮੁਸਲਮਾਨ ਕੀ ਨਹੀਂ, ਮਿੱਟੀ ਬੇਈਮਾਨ ਕੀ" ਲਿਖਿਆ ਹੈ । ਇਹ ਸੁਣ ਕੇ ਬਾਦਸ਼ਾਹ ਖੁਸ਼ ਹੋ ਗਿਆ । ਉਸ ਨੇ ਦੂਨ ਦਾ ਇਲਾਕਾ ਜਾਗੀਰ ਵਜੋਂ ਦੇ ਦਿੱਤਾ ।

ਜਦੋਂ ਗੁਰੂ ਹਰਿਰਾਇ ਜੀ ਨੂੰ ਰਾਮਰਾਇ ਦੀ ਇਸ ਕਮਜ਼ੋਰੀ ਤੇ ਝੂਠ ਦਾ ਪਤਾ ਲੱਗਾ ਤਾਂ ਆਪ ਨੇ ਫੈਸਲਾ ਦੇ ਭੇਜਿਆ ਕਿ ਰਾਮ ਰਾਇ ਸਾਡੇ ਮੱਥੇ ਨਾ ਲੱਗੇ । ਗੁਰੂ ਜੀ ਨੇ ਉਸ ਨੂੰ ਤਿਆਗ ਦਿੱਤਾ ਤੇ ਗੁਰਿਆਈ ਆਪਣੇ ਛੋਟੇ ਸਪੁੱਤਰ ਸ੍ਰੀ (ਗੁਰੂ) ਹਰਿਕ੍ਰਿਸ਼ਨ ਸਾਹਿਬ ਜੀ ਨੂੰ ਦੇ ਦਿੱਤੀ । ਆਪ 6 ਅਕਤੂਬਰ ਸੰਨ 1661 ਨੂੰ ਕੀਰਤਪੁਰ ਵਿੱਚ ਜੋਤੀ ਜੋਤ ਸਮਾ ਗਏ ।

ਆਪ ਨੇ ਸਿੱਖੀ ਦੇ ਪ੍ਰਚਾਰ ਲਈ ਤਿੰਨ ਬਖਸ਼ਸ਼ਾਂ (ਕੇਂਦਰ) ਕਾਇਮ ਕੀਤੀਆਂ । ਹਰੇਕ ਬਖਸ਼ਸ਼ ਇੱਕ ਪ੍ਰਸਿੱਧ ਉਦਾਸੀ ਸਿੱਖ ਦੇ ਸਪੁਰਦ ਸੀ । ਇਹ ਗੁਰਸਿੱਖ ਸਨ :

(1) ਸੁਥਰੇ ਸ਼ਾਹ ਜੀ (2) ਭਗਤ ਭਗਵਾਨ (3) ਭਾਈ ਫੇਰੂ ਜੀ। ਆਪ ਜੀ ਦੇ ਪਿਤਾ ਬਾਬਾ ਗੁਰਦਿੱਤਾ ਜੀ ਨੇ ਪਹਿਲੋਂ ਹੀ ਸਿੱਖੀ ਪ੍ਰਚਾਰ ਲਈ ਧੂਏਂ ਜਾਂ ਧੂਣੀਆਂ ਕਾਇਮ ਕੀਤੀਆਂ ਸਨ। ਧੂਣੀਆਂ ਤੋਂ ਭਾਵ 'ਉਦਾਸੀ ਸਾਧੂਆਂ ਦੀ ਗੱਦੀ' ਹੁੰਦਾ ਹੈ। ਪਰ ਇਥੇ ਇਨ੍ਹਾਂ ਦਾ ਭਾਵ ਹੈ ਉਦਾਸੀ ਮਹਾਪੁਰਖਾਂ ਦੇ ਅਧੀਨ ਚਲ ਰਹੇ ਪ੍ਰਚਾਰ ਕੇਂਦਰ।

ਧੰਨਵਾਦਿ ਸਹਿਤ

ਸੰਖੇਪ ਇਤਿਹਾਸ ਦਸ ਗੁਰੂ ਸਾਹਿਬਾਨ

## ਸਾਕਾ ਨਨਕਾਣਾ ਸਾਹਿਬ

**ਸੰਪਾ. ਰੂਪ ਸਿੰਘ (ਡਾ.)**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਪਿਤਾ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਨੂੰ ਧਰਮ ਹੇਤ ਸਾਕਾ ਕਿਹਾ ਹੈ, ਜਿਸ ਤੋਂ ਸਾਕਾ ਸ਼ਬਦ ਸਿੱਖ ਅਬਦਾਵਲੀ ਦਾ ਅਟੁੱਟ ਹਿੱਸਾ ਬਣ ਗਿਆ। ਸਾਕੇ ਦਾ ਅਰਥ ਹੈ, ਕੋਈ ਐਸਾ ਕਰਮ ਜੋ ਇਤਿਹਾਸ ਵਿੱਚ ਪ੍ਰਸਿੱਧ ਰਹਿਣ ਦੇ ਲਾਇਕ ਹੋਵੇ। ਵਚਿੱਤਰ, ਅਨੋਖੀ, ਅਦੁੱਤੀ, ਅਜੀਬ ਘਟਨਾ ਨੂੰ ਸਾਕਾ ਕਿਹਾ ਜਾਂਦਾ ਹੈ। ਸਪਸ਼ਟ ਹੈ ਕਿ ਇਹ ਸ਼ਬਦ ਭਾਰੀ ਦੁਖਾਂਤਕ ਘਟਨਾ ਵਾਸਤੇ ਵਰਤਿਆ ਜਾਂਦਾ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਤੋਂ ਬਾਅਦ ਪੰਜਾਬੀਆਂ ਤੇ ਖਾਸ ਕਰਕੇ ਸਿੱਖਾਂ ਨੂੰ ਇਸ ਅਰਥ ਭਾਵ ਵਾਲੇ ਸਾਕਿਆਂ ਸਨਮੁੱਖ ਹੋਣਾ ਪਿਆ। ਜਲ੍ਹਿਆਂ ਵਾਲੇ ਬਾਗ ਦਾ ਸਾਕਾ, ਨਨਕਾਣਾ ਸਾਹਿਬ ਦਾ ਸਾਕਾ, ਪੰਜਾ ਸਾਹਿਬ ਦਾ ਸਾਕਾ, ਸਾਕਾ ਗੁਰੂ ਕਾ ਬਾਗ ਆਦਿ। ਅੰਗਰੇਜ਼ੀ ਸ਼ਾਸਕਾਂ ਦੀ ਸ਼ਹਿ ਤੇ ਮਹੰਤਸ਼ਾਹੀ ਦੇ ਤਾਂਡਵ ਨਾਚ ਦੀ ਦਰਦਨਾਕ ਕਹਾਣੀ ਨੂੰ ਸਾਕਾ ਨਨਕਾਣਾ ਸਾਹਿਬ ਰੂਪਮਾਨ ਕਰਦਾ ਹੈ। ਇਨ੍ਹਾਂ ਸਾਕਿਆਂ ਨੂੰ ਢਾਡੀ ਬੀਰ ਰਸੀ ਵਾਰਾਂ ਰਾਹੀਂ ਪ੍ਰਗਟ ਕਰਨ ਲਈ 'ਸਾਕਾ ਕਾਵਿ' ਰੂਪ ਪ੍ਰਚਲਿਤ ਹੋਇਆ।

ਨਨਕਾਣਾ ਸਾਹਿਬ, ਨਾਨਕਿਆਣਾ ਤੋਂ ਬਣਿਆ ਹੈ, ਜਿਸ ਦਾ ਅਰਥ ਹੈ ਨਾਨਕ ਆਯਨ- ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਯਨ ਭਾਵ ਘਰ। ਇਸ ਧਰਤ ਸੁਹਾਵੀ ਦਾ ਪਹਿਲਾ ਨਾਂ ਰਾਇਪੁਰ, ਫਿਰ ਤਲਵੰਡੀ ਰਾਇ ਭੋਇ ਤੇ ਸਦੀਵੀਂ ਨਾਉਂ ਨਨਕਾਣਾ ਸਾਹਿਬ ਪ੍ਰਚਲਿਤ ਹੋਇਆ। ਨਨਕਾਣਾ ਸਾਹਿਬ ਦੀ ਧਰਤੀ ਤੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਅਨੇਕਾਂ ਅਲੌਕਿਕ ਚੋਜ ਕੀਤੇ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਅਸਥਾਨ ਤੇ ੧੬੧੩ ਈ: ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਆਗਮਨ ਨਾਲ ਯਾਦਗਾਰੀ ਅਸਥਾਨ ਸਥਾਪਿਤ ਹੋਇਆ ਜੋ ਸਮੇਂ ਦੇ ਬੀਤਣ ਨਾਲ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਦੇ ਨਾਂ ਨਾਲ ਵਿਸ਼ਵ ਪ੍ਰਸਿੱਧ ਹੋਇਆ। ਉਦਾਸੀ ਸੰਪਰਦਾ ਦੇ ਮੁਖੀ ਬਾਬਾ ਅਲਮਸਤ ਜੀ ਨੂੰ ਗੁਰਦੁਆਰਾ ਜਨਮ ਅਸਥਾਨ ਦੀ ਸੇਵਾ-ਸੰਭਾਲ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸੌਂਪੀ

ਸੀ। ਇਸ ਤਰ੍ਹਾਂ ਅਰੰਭ ਤੋਂ ਹੀ ਇਸ ਪਵਿੱਤਰ ਅਸਥਾਨ ਦਾ ਪ੍ਰਬੰਧ ਉਦਾਸੀ ਸੰਪਰਦਾ ਦੇ ਮਹੰਤ-ਪੁਜਾਰੀ ਹੀ ਕਰਦੇ ਰਹੇ। ਸਿੱਖ ਰਾਜ ਕਾਲ ਸਮੇਂ ਗੁਰਦੁਆਰਿਆਂ ਦੇ ਨਾਂ ਲੱਗੀਆਂ ਬੇਸ਼ੁਮਾਰ ਜਗੀਰਾਂ-ਜਾਇਦਾਦਾਂ ਨੇ ਮਹੰਤਾਂ ਨੂੰ ਆਲਸੀ, ਅਯਾਸ਼ ਤੇ ਭ੍ਰਿਸ਼ਟ-ਕੁਕਰਮੀ ਕਰ ਦਿੱਤਾ। ਸਿੱਖ ਰਾਜ ਦਾ ਸੂਰਜ ਅਸਤ ਹੋਣ ਦੀ ਦੇਰ ਸੀ ਕਿ ਮਹੰਤਾਂ-ਪੁਜਾਰੀਆਂ ਨੇ ਅੰਗਰੇਜ਼ ਭਗਤ ਬਣ ਐਸ਼-ਪ੍ਰਸਤੀ ਕਰਨੀ ਸ਼ੁਰੂ ਕਰ ਦਿੱਤੀ। ਮਹੰਤ-ਪੁਜਾਰੀ ਗੁਰਦੁਆਰਿਆਂ ਦੀਆਂ ਜ਼ਮੀਨਾਂ-ਜਾਇਦਾਦਾਂ ਨੂੰ ਆਪਣੀ ਨਿੱਜੀ ਪਿਤਾ-ਪੁਰਖੀ ਮਾਲਕੀ ਮਹਿਸੂਸ ਕਰਨ ਲੱਗੇ। ਮਹੰਤਾਂ-ਪੁਜਾਰੀਆਂ ਨੇ ਗੁਰਦੁਆਰਿਆਂ ਨੂੰ ਐਸ਼-ਪ੍ਰਸਤੀ ਦੇ ਡੇਰੇ (ਅੱਡੇ) ਬਣਾ ਲਿਆ। ਜਦ ਸਿੱਖਾਂ ਦੇ ਘਰ ਘੋੜਿਆਂ ਦੀਆਂ ਕਾਠੀਆਂ ਤੇ ਸਨ ਤਦ ਵੀ ਗੁਰਦੁਆਰਾ ਪ੍ਰਬੰਧ ਆਮ ਕਰਕੇ ਪਿਤਾ ਪੁਰਖੀ ਮਹੰਤਾਂ, ਉਦਾਸੀਆਂ ਤੇ ਨਿਰਮਲਿਆਂ ਪਾਸ ਹੀ ਸੀ। ਗੁਰੂ-ਘਰ ਦਾ ਪ੍ਰਬੰਧ ਉਸ ਸਮੇਂ ਤੱਕ ਠੀਕ ਚਲਦਾ ਰਿਹਾ, ਜਦੋਂ ਤੱਕ ਸਿੱਖ ਕਦਰਾਂ-ਕੀਮਤਾਂ ਅਨੁਸਾਰ ਜੀਵਨ ਬਸਰ ਕਰਦੇ ਰਹੇ। ਪਰ ਜਦ ਵੀ ਮਹੰਤਾਂ-ਪੁਜਾਰੀਆਂ, ਧਰਮੀ ਸਦਵਾਉਣ ਵਾਲਿਆਂ ਦਾ ਜੀਵਨ ਕਰਤੂਤਿ ਪਸੂ ਕੀ ਮਾਨਸ ਜਾਤਿ ਵਾਲਾ ਹੋ ਜਾਵੇਗਾ ਤਾਂ ਗਿਰਾਵਟ ਆਉਣੀ ਨਿਸਚਿਤ ਹੈ। ਨਨਕਾਣਾ ਸਾਹਿਬ ਦੇ ਮਹੰਤ ਨਰੈਣ ਦਾਸ ਦਾ ਸ਼ਰਾਬ ਪੀ ਕੇ ਸੰਗਤ ਦੀ ਬੇਇੱਜ਼ਤੀ ਕਰਨਾ, ਬੀਬੀਆਂ ਦੀ ਅਜ਼ਮਤ ਨੂੰ ਹੱਥ ਪਾਉਣਾ ਨਿੱਤ ਦਾ ਕਰਮ ਬਣ ਗਿਆ ਸੀ। ਮਹੰਤਾਂ ਦੇ ਕੁਕਰਮਾਂ ਦੁਰਾਚਾਰਾਂ ਦੇ ਦਾਗ ਨੂੰ ਧੋਣ ਵਾਸਤੇ ਪਵਿੱਤਰ ਖੂਨ ਦੀ ਜ਼ਰੂਰਤ ਸੀ ਜਿਸ ਨੂੰ ਨਨਕਾਣਾ ਸਾਹਿਬ ਦੇ ਸ਼ਹੀਦਾਂ ਨੇ ਪੂਰਾ ਕੀਤਾ। ਇਸ ਸਮੇਂ ਸਿੱਖ ਸਮਾਜ ਵਿੱਚ ਸਿੱਖ ਜਾਗ੍ਰਤੀ ਵਜੋਂ ਸਿੰਘ ਸਭਾ ਲਹਿਰ ਚਲ ਰਹੀ ਸੀ। ਚੇਤੰਨ ਗੁਰਸਿੱਖਾਂ ਨੇ ਗੁਰਦੁਆਰਾ ਪ੍ਰਬੰਧ ਨੂੰ ਪਰਵਾਰਿਕ ਪ੍ਰਬੰਧ ਤੋਂ ਪੰਥਕ ਪ੍ਰਬੰਧ ਚ ਲਿਆਉਣ ਲਈ ਕਮਰਕੱਸੇ ਕਰ ਲਏ। ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਨੂੰ ਮਹੰਤਾਂ ਦੇ ਪ੍ਰਬੰਧ ਤੋਂ ਅਜ਼ਾਦ ਕਰਾਉਣ ਲਈ ਗੁਰਸਿੱਖ ਮਰਜੀਵੜਿਆਂ ਦਾ ਸ਼ਾਂਤਮਈ ਜਥਾ ਫਰਵਰੀ, ੧੯੨੦ ਨੂੰ ਦਰਸ਼ਨੀ ਡਿਉੜੀ ਰਸਤੇ ਅੰਦਰ ਦਾਖਲ ਹੋਇਆ, ਜਿੱਥੇ ਇਨ੍ਹਾਂ ਨਾਨਕ ਨਾਮ ਲੇਵਾ ਗੁਰਸਿੱਖਾਂ ਦਾ 'ਸੁਆਗਤ' ਮਹੰਤ, ਉਸ ਦੇ ਗੁੰਡਿਆਂ, ਬਦਮਾਸ਼ਾਂ ਨੇ ਗੋਲੀਆਂ, ਡਾਂਗਾਂ, ਬਰਛੀਆਂ, ਤਲਵਾਰਾਂ ਆਦਿ ਮਾਰੂ ਹਥਿਆਰਾਂ ਨਾਲ ਕੀਤਾ, ਗੁਰੂ-ਘਰ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਖਾਤਰ ਗੁਰੂ ਕੇ ਲਾਲ ਸ਼ਾਂਤਮਈ ਰਹਿ ਕੇ ਸ਼ਹਾਦਤਾਂ ਪ੍ਰਾਪਤ ਕਰ ਗਏ।

ਸਾਕਾ ਨਨਕਾਣਾ ਸਾਹਿਬ ਵਾਪਰਨ ਸਮੇਂ ਕੁਝ ਭੱਟੀ ਮੁਸਲਮਾਨਾਂ, ਬਾਬਾ ਕਰਤਾਰ ਸਿੰਘ (ਬੇਦੀ), ਮੰਗਲ ਸਿੰਘ ਕੂਕਾ ਆਦਿ ਨੇ ਵੀ ਕੁਕਰਮੀ ਮਹੰਤਾਂ ਦਾ ਸਾਥ ਦਿੱਤਾ। ਮਹੰਤ ਨਰੈਣ ਦਾਸ ਤੇ ਮਿਸਟਰ ਕਰੀ ਡੀ. ਸੀ. ਅਤੇ ਮਿਸਟਰ ਕਿੰਗ ਕਮਿਸ਼ਨਰ ਲਾਹੌਰ ਡਵੀਜ਼ਨ ਦੀ ਸ਼ਹਿ ਤੇ ਨਨਕਾਣਾ ਸਾਹਿਬ ਦੀ ਪਵਿੱਤਰ ਧਰਤੀ ਖ਼ੂਨ ਨਾਲ ਲਾਲ ਹੋ ਗਈ। ਬਾਬਾ ਕਰਤਾਰ ਸਿੰਘ (ਬੇਦੀ) ਨੂੰ ਕੁਝ ਸਮੇਂ ਬਾਅਦ ਪੰਥ ਨਾਲ ਕੀਤੀ ਗਦਾਰੀ ਦਾ ਅਹਿਸਾਸ ਹੋਇਆ ਤਾਂ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਪੇਸ਼ ਹੋਇਆ ਜਿਸ ਤੇ ਉਸ ਨੂੰ ਹੁਣ ਤੱਕ ਦੀ ਸਭ ਤੋਂ ਸਖ਼ਤ ਤਨਖਾਹ ਲਾਈ ਗਈ।

ਇਹ ਦੁਖਾਂਤਕ ਸਾਕਾ ਗੁਰੂ ਨਾਨਕ ਦੇ ਘਰ ਨੂੰ ਕਪਟੀ ਮਹੰਤਾਂ ਤੋਂ ਅਜ਼ਾਦ ਕਰਵਾਉਣ ਗਏ ਗੁਰਸਿੱਖਾਂ ਨਾਲ ਵਾਪਾਰਿਆ, ਇਸ ਤੋਂ ਵੱਧ ਦਰਦਨਾਕ ਘਟਨਾ ਕੀ ਹੋ ਸਕਦੀ ਹੈ। ਹਰ ਸਿੱਖ ਵਾਸਤੇ ਨਨਕਾਣ ਸਾਹਿਬ ਪਵਿੱਤਰ ਧਰਤੀ ਹੈ। ਇੱਥੋਂ ਦਾ ਮਹੰਤ ਨਰੈਣ ਦਾਸ ਸਭ ਤੋਂ ਵੱਡਾ ਗੁਰੂ-ਘਰ ਦਾ ਦੋਖੀ ਸਾਬਤ ਹੋਇਆ। ਇਹ ਕੁਕਰਮੀ ਬਣ ਚੁੱਕਾ ਸੀ। ਧਰਮ-ਕਰਮ ਇਸ ਵਿਚੋਂ ਗਾਇਬ ਹੋ ਚੁੱਕਾ ਸੀ। ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਨੂੰ ਅਜਿਹੇ ਹੀ ਕਪਟੀ ਮਹੰਤਾਂ ਤੋਂ ਅਜ਼ਾਦ ਕਰਵਾ ਕੇ ਸੰਗਤੀ ਪ੍ਰਬੰਧ ਚ ਲਿਆਉਣ ਲਈ ਗੁਰਸਿੱਖਾਂ ਨੇ ਗੁਰਦੁਆਰਾ ਸੁਧਾਰ ਲਹਿਰ ਆਰੰਭ ਕੀਤੀ। ਜਿਸ ਤਹਿਤ ਸਭ ਤੋਂ ਪਹਿਲਾਂ ਗੁਰਦੁਆਰਾ ਬਾਬੇ ਦੀ ਬੇਰ ਸਿਆਲਕੋਟ ਅਕਤੂਬਰ, ੧੯੨੦ ਨੂੰ ਪੰਥਕ ਪ੍ਰਬੰਧ ਚ ਲਿਆ ਗਿਆ। ਫਿਰ ਅਕਤੂਬਰ, ੧੯੨੦ ਨੂੰ ਸੱਚ-ਖੰਡ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਪ੍ਰਬੰਧ ਪੰਥਕ ਹੱਥਾਂ ਚ ਆਇਆ।

ਸ਼ਾਂਤਮਈ ਸਿੱਖ ਸੇਵਕਾਂ ਦੇ ਖ਼ੂਨ ਨਾਲ ਮਹੰਤ ਨਰੈਣ ਦਾਸ ਤੇ ਉਸ ਦੇ ਗੁੰਡਿਆਂ ਨੇ ਗੁਰਦੁਆਰਾ ਜਨਮ ਅਸਥਾਨ ਨੂੰ ਲੱਥਪਥ ਕਰ ਦਿੱਤਾ। ਇਹ ਗੁਰਦੁਆਰਾ ਸਾਹਿਬਾਨ ਦੀ ਸੁਤੰਤਰਤਾ, ਅਜ਼ਾਦੀ ਲਈ ਕੀਤਾ ਗਿਆ ਸੱਤਿਆਗ੍ਰਹਿ ਸੀ। ਜਬਰ -ਜ਼ੁਲਮ ਤੇ ਅੱਤਿਆਚਾਰ ਦੇ ਵਿਰੁੱਧ ਸਤਿ-ਸੰਤੋਖ, ਸਬਰ ਦੇ ਧਾਰਨੀ ਹੋ ਸ਼ਾਂਤਮਈ ਰਹਿ ਕੇ ਕੀਤਾ ਗਿਆ, ਵਿਦਰੋਹ, ਰੋਸ ਤੇ ਰੋਹਸੀ।

ਮਹੰਤ ਨਰੈਣ ਦਾਸ ਦੇ ਬਦਮਾਸ਼ਾਂ ਦੇ ਜਬਰ-ਜ਼ੁਲਮ ਦੀ ਇੰਤਹਾ-ਚਰਮਸੀਮਾਂ ਦੇਖੋ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਤੇ ਬੈਠਾ ਗ੍ਰੰਥੀ ਸਿੰਘ ਵੀ ਸ਼ਹੀਦ ਹੋ ਗਿਆ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ 'ਚ ਵੀ ਗੋਲੀਆਂ, ਜਿਸ ਨੂੰ 'ਸ਼ਹੀਦੀ ਬੀੜ' ਕਿਹਾ ਜਾਂਦਾ ਹੈ। ਨਨਕਾਣਾ ਸਾਹਿਬ ਦੇ ਸਾਕੇ ਸਮੇਂ ਗੁਰਸਿੱਖਾਂ ਦੇ ਸਤਿ-ਸਿਦਕ, ਸਬਰ ਦੀ ਪਰਖ ਹੋਈ। ਗੁਰੂ ਕੇ ਲਾਲਾਂ ਨੇ '**ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥੨੦॥ - ਸਲੋਕ ਵਾਰਾਂ ਤੇ ਵਧੀਕ (ਮਃ ੧) - ਅੰਗ ੧੪੧੨** ਦੇ ਮਹਾਂਵਾਕ ਨੂੰ ਪ੍ਰਤੱਖ ਕਰ ਦਿਖਾਇਆ। ਇਹ ਸ਼ਹੀਦੀ ਦੇ ਪਵਿੱਤਰ ਖ਼ੂਨ ਸਦਕਾ ਹੀ ਅੰਗਰੇਜ਼ ਰਾਜ ਕਾਲ ਸਮੇਂ ਸੁਤੰਤਰ ਸਿੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਹੋਂਦ 'ਚ ਆਈ, ਜਿਸ ਨੂੰ ਸਿੱਖ ਪਾਰਲੀਮੈਂਟ ਹੋਣ ਦਾ ਮਾਣ-ਸਤਿਕਾਰ ਹਾਸਲ ਹੈ। ਇਸ ਦੁਖਾਂਤਕ ਸਾਕੇ ਨੂੰ ਸ਼ਬਦੀ ਰੂਪ ਨਹੀਂ ਦਿੱਤਾ ਜਾ ਸਕਦਾ। ਅੰਮ੍ਰਿਤ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਅਸ਼ਥਾਨ ਤੇ ਦਰਸ਼ਨ-ਦੀਦਾਰ ਕਰ ਰਹੇ ਸ਼ਾਂਤਮਈ ਗੁਰਸਿੱਖਾਂ ਤੇ ਜਦੋਂ ਮਹੰਤ ਤੇ ਉਸ ਦੇ ਗੁੰਡਿਆਂ ਨੇ ਗੋਲੀਆਂ ਦਾ ਮੀਂਹ ਵਰਸਾਇਆ ਹੋਵੇਗਾ, ਕਿਤਨੀ ਕਰੁਣਾਮਈ-ਦੁਖਦਾਈ ਘੜੀ ਹੋਵੇਗੀ ਕੇਵਲ ਕਲਪਨਾ ਹੀ ਕੀਤੀ ਜਾ ਸਕਦੀ ਹੈ। ਗੁਰੂ ਨਾਨਕ ਨਾਮ ਲੇਵਾ ਗੁਰਸਿੱਖਾਂ ਨੇ ਆਪਣੇ ਪਾਕ-ਪਵਿੱਤਰ ਖ਼ੂਨ ਨਾਲ ਮਹੰਤਾਂ ਦੇ ਪਾਪਾਂ ਨਾਲ ਗੰਧਲੀ ਹੋਈ ਧਰਤੀ ਨੂੰ ਧੋ ਕੇ ਪਵਿੱਤਰ ਕਰ ਦਿੱਤਾ। ਕੋਮਲ-ਦਿਲ ਕਵੀ ਚਰਨ ਸਿੰਘ ਸਫ਼ਰੀ ਦੇ ਬੋਲ ਹਨ:

**ਸੜਦੇ ਜੰਡ ਨੇ ਪੁੱਛਿਆ ਭੱਠ ਕੋਲੋਂ ਸੜਨ ਵਾਲਾ ਕੀ ਸੜ ਕੇ ਮਰ ਗਿਆ ਏ ?**
**ਭਖਦੇ ਭੱਠ ਨੇ ਅੱਗੋਂ ਜੁਆਬ ਦਿੱਤਾ, ਉਹ ਤਾਂ ਮੈਨੂੰ ਵੀ ਠੰਡਿਆਂ ਕਰ ਗਿਆ ਏ** ......

ਕਿਤਨੇ ਸਬਰ, ਸਹਿਜ ਸੀਤਲਤਾ ਦੇ ਧਾਰਨੀ ਹੋਣਗੇ ਗੁਰੂ-ਘਰ ਦੇ ਪਰਵਾਨੇ ਗੁਰਸਿੱਖ ਜਿਨ੍ਹਾਂ ਨੂੰ ਜਿੰਦਾ ਜੰਡ ਨਾਲ ਬੰਨ੍ਹ, ਭੱਠ ਵਿੱਚ ਸੁੱਟ ਸਾੜਿਆ ਗਿਆ ਪਰ ਕਿਸੇ ਨੇ ਸੀ ਨਹੀਂ ਉਚਾਰੀ। ਗੁਰਦੁਆਰਾ ਜਨਮ-ਅਸਥਾਨ ਦੇ ਨਜ਼ਦੀਕ ਸਥਿਤ ਸ਼ਹੀਦੀ ਖੂਹ ਤੇ ਜੰਡ ਦਾ ਦਰੱਖਤ ਸ਼ਹੀਦਾਂ ਦੀ ਸ਼ਹੀਦੀ ਦਾਸਤਾਨ ਬਿਆਨ ਕਰਦਾ ਹੈ। ਜੰਡ ਦੇ ਦਰੱਖਤ ਦੀ ਸਾਂਭ-ਸੰਭਾਲ ਹੋਣੀ ਜ਼ਰੂਰੀ ਹੈ। ਅਪ੍ਰੈਲ, ੧੯੨੧ ਚ ਮਹੰਤ ਨਰੈਣ ਦਾਸ ਤੇ ਉਸ ਦੇ ਚਾਟੜਿਆਂ ਤੇ ਮੁਕੱਦਮਾ ਚਲਣਾ ਸ਼ੁਰੂ ਹੋਇਆ। ੧੨ ਅਕਤੂਬਰ, ੧੯੨੧ ਨੂੰ ਮਹੰਤ ਨਰੈਣ ਦਾਸ ਤੇ ਉਸ ਦੇ ੭ ਸਾਥੀਆਂ ਨੂੰ ਮੌਤ ਦੀ ਸਜ਼ਾ, ੮ ਸਾਥੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ, ਪਰ ਹਾਈਕੋਰਟ ਨੇ ਮਹੰਤ ਦੀ ਮੌਤ ਦੀ ਸਜ਼ਾ ਉਮਰ ਕੈਦ ਚ ਤਬਦੀਲ ਕਰ ਦਿੱਤੀ। ਪਰ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਦੀ ਇਤਿਹਾਸਿਕ ਇਮਾਰਤ, ਵਿਸ਼ਾਲ ਦਰਸ਼ਨੀ ਡਿਉੜੀ ਤੇ ਖੁੱਲ੍ਹਾ ਵਿਹੜਾ ਸਮੇਂ-ਸਥਾਨ ਤੋਂ ਸੁਤੰਤਰ ਸ੍ਰੀ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਨੂੰ ਅੱਜ ਵੀ ਰੂਪਮਾਨ ਕਰਦੇ ਹਨ। ਇਹ ਸਾਕੇ ਸਿੱਖੀ-ਸਿਦਕ, ਸਬਰ, ਸਾਹਸ ਤੇ ਸ਼ਹਾਦਤ ਨੂੰ ਪ੍ਰਤੱਖ ਤੌਰ ਤੇ ਰੂਪਮਾਨ ਕਰਦੇ ਹਨ। ਲੋੜ ਹੈ, ਇਨ੍ਹਾਂ ਤੋਂ ਪ੍ਰੇਰਨਾ ਲੈ ਸਿੱਖ ਜੀਵਨ-ਜਾਂਚ ਚ ਸਤਿ-ਸੰਤੋਖ ਦੇ ਧਾਰਨੀ ਹੋ ਸਮੇਂ ਦੇ ਹਾਣੀ ਹੋਣ ਦੀ ! ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਸ੍ਰੀ ਅੰਮ੍ਰਿਤਸਰ ਚ ਸਥਾਪਿਤ ਕੀਤਾ ਅਤੇ ਸ਼ਹੀਦੀ ਜੀਵਨ ਪੁਸਤਕ ਉਚੇਚੇ ਤੌਰ ਤੇ ਲਿਖਵਾਈ, ਜਿਸ ਵਿੱਚ ੮੬ ਸ਼ਹੀਦਾਂ ਦਾ ਜੀਵਨ ਵਰਣਨ ਕੀਤਾ ਗਿਆ। ਦੇਸ਼ ਵੰਡ ਸਮੇਂ ਤੱਕ ਗੁਰਦੁਆਰਾ ਨਨਕਾਣਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁ: ਪ੍ਰ: ਕਮੇਟੀ ਕਰਦੀ ਰਹੀ ਪਰ ਦੇਸ਼ ਦੇ ਬਟਵਾਰੇ ਨਾਲ ਜਿੱਥੇ ਸਿੱਖਾਂ ਦਾ ਬੇਸ਼ੁਮਾਰ ਜਾਨੀ ਤੇ ਮਾਲੀ ਨੁਕਸਾਨ ਹੋਇਆ, ਉਸ ਦੇ ਨਾਲ ਜਿੰਦ-ਜਾਨ ਤੋਂ ਪਿਆਰੇ ਗੁਰਦੁਆਰੇ-ਗੁਰਧਾਮਾਂ ਤੋਂ ਵੀ ਸਿੱਖ ਵਿੱਛੜ ਗਏ। ਵਿਛੋੜੇ ਦੇ ਨਾਸੂਰ ਨੂੰ ਭਰਨ ਵਾਸਤੇ ਹਰ ਸਿੱਖ ਸਵੇਰੇ-ਸ਼ਾਮ ਇਨ੍ਹਾਂ ਗੁਰਦੁਆਰਿਆਂ-ਗੁਰਧਾਮਾਂ ਦੇ ਦਰਸ਼ਨ ਦੀਦਾਰ ਲਈ ਅਰਜੋਈ-ਜੋਦੜੀ ਕਰਦਾ ਹੈ। ਜਿਸ ਧਰਤ ਸੁਹਾਵੀ ਤੋਂ 'ਨਾਨਕ ਨਿਰਮਲ ਪੰਥ' ਦਾ ਆਗਾਜ਼ ਹੋਇਆ, ਉਸ ਧਰਤੀ ਦੇ ਜ਼ਰੇ-ਜ਼ਰੇ ਨਾਲ ਹਰ ਨਾਨਕ ਨਾਮ ਲੇਵਾ ਦੀ ਮੁਹੱਬਤ ਹੋਣੀ ਲਾਜ਼ਮੀ ਹੈ। ਜਿਸ ਧਰਤੀ ਤੋਂ ਚੱਲ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਸਚੁ ਸੁਣਾਇਸੀ ਸਚ ਕੀ ਬੇਲਾ' ਦਾ ਸੰਦੇਸ਼ ਸਮੁੱਚੀ ਮਾਨਵਤਾ ਨੂੰ ਦਿੱਤਾ। ਗੁਰੂ ਨਾਨਕ ਸਾਹਿਬ ਨੇ ਜਬਰ-ਜ਼ੁਲਮ ਦੇ ਵਿਰੁੱਧ ਬੁਲੰਦ-ਅਵਾਜ਼ ਸਮੇਂ ਦੇ ਬਾਦਸ਼ਾਹ ਬਾਬਰ ਨੂੰ ਜਾਬਰ ਕਹਿ ਸਮੇਂ-ਸਥਾਨ ਤੇ ਪ੍ਰਸਥਿਤੀਆਂ ਤੋਂ ਪ੍ਰਭਾਵਿਤ ਨਾ ਹੁੰਦਿਆਂ ਹੋਇਆਂ ਸਮੇਂ ਸਿਰ ਸੱਚ ਦੇ ਸਿਧਾਂਤ ਲਿਖੇ, ਸੱਚ ਦੇ ਸੋਹਲੇ ਗਾਏ, ਸੱਚ ਨੂੰ ਜੀਵਨ ਚ ਜੀਅ ਕੇ ਦਰਸਾਇਆ। ਪਰ ਅੱਜ ਅਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿੱਖ ਸਦਵਾਉਣ ਵਾਲੇ ਹੀ ਬਹੁਤੇ ਸਮੇਂ ਸਿਰ ਸੱਚ ਤਾਂ ਕੀ ਬੋਲਣਾ ਸਗੋਂ ਸੱਚ ਬੋਲਣ ਤੋਂ ਹੀ ਕੰਨੀ ਕਤਰਾਉਂਦੇ ਹਾਂ।

**ਧੰਨਵਾਦ ਸਾਹਿਤ ਵਿਚੋਂ :- ਸਿੱਖ ਸੰਗਰਾਮ ਦੀ ਦਾਸਤਾਨ**

# ਦੋ ਦੀਵੇ ਇੱਕ ਜੋਤ

ਗਿਆਨੀ ਜਸਵੰਤ ਸਿੰਘ ਪ੍ਰਵਾਨਾ

ਦੀਵਾਲੀ ਦੀ ਰਾਤ ਨੂੰ ਰੌਸ਼ਨੀ ਹੀ ਰੌਸ਼ਨੀ ਨਜ਼ਰ ਆਉਂਦੀ ਹੈ। ਗਰੀਬ ਤੋਂ ਗਰੀਬ ਮਨੁੱਖ ਵੀ ਚਾਹੁੰਦਾ ਹੈ ਕਿ ਮੇਰੇ ਘਰ ਵਿੱਚ ਰੌਸ਼ਨੀ ਹੋਵੇ। ਕੁਝ ਸੱਜਣਾਂ ਦਾ ਵਿਚਾਰ ਹੈ ਕਿ ਦੀਵਾਲੀ ਦੀ ਉਸ ਵੇਲੇ ਮਹਾਨਤਾ ਬਣ ਗਈ ਜਦੋਂ ਰਾਮ ਰਾਵਣ ਨੂੰ ਜਿੱਤ ਕੇ ਵਾਪਸ ਅਯੁਧਿਆ ਆਏ, ਪਰ ਇੱਕ ਗੱਲ ਤਾਂ ਸਪਸ਼ਟ ਹੈ ਕਿ ਉਹ ਰਾਤ ਦੀਵਲੀ ਦੀ ਰਾਤ ਸੀ। ਇਸ ਦਾ ਭਾਵ ਕਿ ਦੀਵਾਲੀ ਇਸ ਤੋਂ ਵੀ ਪਹਿਲੇ ਦਾ ਪ੍ਰਸਿਧ ਤਿਉਹਾਰ ਸੀ। ਸੋਚਣ ਵਾਲੀ ਗੱਲ ਹੈ ਕਿ ਉਸ ਤੋਂ ਪਹਿਲੇ ਵੀ ਲੋਕ ਇਸ ਰਾਤ ਦੀਵੇ ਜਗਾਉਂਦੇ ਸਨ ਕਿ ਨਹੀਂ ? ਸਾਖੀਕਾਰਾਂ ਦਾ ਇਹ ਕਹਿਣਾ ਹੈ ਕਿ ਰਾਮ ਜਦੋਂ ਵਾਪਸ ਆਏ ਸਨ ਉਸ ਰਾਤ ਦੀਵਾਲੀ ਸੀ, ਭਾਵ ਦੀਵਾਲੀ ਪਹਿਲਾਂ ਹੀ ਪ੍ਰਸਿਧ ਸੀ। ਅਸਲ ਵਿੱਚ ਅਮਾਵਸ ਦੀ ਰਾਤ ਇੰਨੀ ਹਨੇਰੀ ਹੈ ਕਿ ਇਸ ਰਾਤ ਨੂੰ ਦੀਵੇ ਜਗਾਉਣੇ ਹੀ ਪੈਣਗੇ। ਦੀਵਿਆਂ ਤੋਂ ਬਿਨਾਂ ਇਸ ਰਾਤ ਨੂੰ ਦਿਸਦਾ ਹੀ ਕੁਛ ਨਹੀਂ। ਇਹ ਰਾਤ ਹੈ ਹੀ ਦੀਵਿਆਂ ਦੀ ਰਾਤ। ਮਨੁੱਖਾ ਜਨਮ ਵੀ ਮੱਸਿਆ ਦੀ ਰਾਤ ਹੈ। ਕੂੜ ਅਮਾਵਸ ਦੀ ਰਾਤ ਹੈ। ਸਤਿਗੁਰੂ ਕ੍ਰਿਪਾ ਕਰ ਕੇ ਮਨੁੱਖੀ ਹਿਰਦੇ ਵਿੱਚ ਸ਼ਬਦ ਦਾ ਦੀਵਾ ਬਾਲਦਾ ਹੈ ਤਾਂ ਇਹ ਮਨੁੱਖਾ ਜੀਵਨ ਦੀ ਰਾਤ ਦੀਵਾਲੀ ਦੀ ਰਾਤ ਬਣ ਜਾਂਦੀ ਹੈ। ਮੇਰੇ ਇਹ ਕਹਿਣ ਦਾ ਭਾਵ ਹੈ ਕਿ ਹਨੇਰੀ ਰਾਤ ਤੇ ਦੀਵਿਆਂ ਦਾ ਸੰਬੰਧ ਬਹੁਤ ਪੁਰਾਣਾ ਹੈ। ਜਦੋਂ ਤੋਂ ਮਨੁੱਖ ਨੂੰ ਰੌਸ਼ਨੀ ਕਰਨ ਦੀ ਸੋਝੀ ਹੋਈ ਹੈ, ਘੱਟੋ ਘੱਟ ਉਨਾ ਪੁਰਾਣਾ ਜ਼ਰੂਰ ਹੈ। ਸਿੱਖਾਂ ਦੇ ਪ੍ਰਸਿੱਧ ਧਾਰਮਕ-ਅਸਥਾਨ ਸਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਉਸ ਵੇਲੇ ਬਾਕਾਇਦਾ ਦੀਵਾਲੀ ਦਾ ਪੁਰਬ ਮਨਾਉਣਾ ਸ਼ੁਰੂ ਹੋ ਗਿਆ, ਜਦੋਂ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਗਵਾਲਿਅਰ ਦੇ ਕਿਲੇ ਵਿੱਚੋਂ ਰਿਹਾ ਹੋ ਕੇ ਵਾਪਸ ਅੰਮ੍ਰਿਤਸਰ ਸਾਹਿਬ ਪੁੱਜੇ ਸਨ। ਉਸ ਰਾਤ ਵੀ ਦੀਵਾਲੀ ਦੀ ਰਾਤ ਸੀ। ਉਸ ਤੋਂ ਬਾਅਦ ਹਰ ਸਾਲ ਦੀਵਾਲੀ ਦੀ ਰਾਤ ਇੱਥੇ ਦੀਪ-ਮਾਲਾ ਹੁੰਦੀ ਰਹੀ ਅਤੇ ਆਤਸ਼ਬਾਜ਼ੀ ਦੀ ਪ੍ਰਦਰਸ਼ਨੀ ਹੁੰਦੀ ਰਹੀ।

ਐਸੀ ਹੀ ਇੱਕ ਦੀਵਾਲੀ ਦੀ ਰਾਤ ਸੀ, ਲੋਕ ਆਪ ਆਪਣੇ ਘਰਾਂ ਵਿੱਚ ਰੌਸ਼ਨੀ ਕਰ ਰਹੇ ਸਨ, ਦੀਵੇ ਜਗਾ ਰਹੇ ਸਨ। ਚੌਰਸਤੇ ਵਿੱਚ ਇਕ ਬੋਹੜ ਦੇ ਰੁਖ ਥੱਲੇ ਇੱਕ ਥੜ੍ਹਾ ਸੀ ਜਿੱਥੇ ਕਦੀ ਕੋਈ ਆਉਂਦਾ ਜਾਂਦਾ ਬੈਠ ਜਾਂਦਾ ਸੀ। ਇੱਕ ਬ੍ਰਾਹਮਣ ਦਾ ਲੜਕਾ ਆਇਆ। ਉਹ ਇੱਥੇ ਵੀ ਇੱਕ ਦੀਵਾ ਜਗਾ ਗਿਆ। ਇੰਨੇ ਚਿਰ ਨੂੰ ਇੱਕ ਸ਼ੂਦਰ ਦਾ ਲੜਕਾ ਆਇਆ ਉਸ ਨੇ ਵੀ ਇੱਕ ਦੀਵਾ ਇੱਥੇ ਹੀ ਲਿਆ ਰੱਖਿਆ। ਇਹ ਵੇਖ ਕੇ ਬ੍ਰਾਹਮਣ ਦਾ ਲੜਕਾ ਬੋਲਿਆ, ਉਇ ਚੰਡਾਲ ਦੇ ਬੱਚੇ, ਚੁੱਕ ਏਥੋਂ ਆਪਣਾ ਦੀਵਾ ਤੇ ਜਿਧਰੋਂ ਆਇਆ ਹੈ ਉਧਰ ਹੀ ਵਾਪਸ ਚਲਾ ਜਾ, ਤੈਨੂੰ ਪਤਾ ਨਹੀਂ ਕਿ ਮੇਰੇ ਬਰਾਬਰ ਆਪਣਾ ਦੀਵਾ ਰੱਖਣ ਦਾ ਤੈਨੂੰ ਕੀ ਨਤੀਜਾ ਭੁਗਤਣਾ ਪਵੇਗਾ। ਸ਼ੂਦਰ ਲੜਕੇ ਨੇ ਕਿਹਾ, ਮੈਂ ਇਹ ਦੀਵਾ ਕਿਸੇ ਮੰਦਰ ਵਿੱਚ ਨਹੀਂ ਰੱਖਿਆ। ਮੈਂ ਸਮਝਦਾ ਹਾਂ ਕਿ ਮੰਦਰ ਵਿੱਚ ਮੈਂ ਗਿਆ ਤਾਂ ਸ਼ਾਇਦ ਸਾਰਾ ਮੰਦਰ ਸਮੇਤ ਪੁਜਾਰੀਆਂ ਦੇ ਕਿਤੇ ਭਰਿਸ਼ਟ ਨਾ ਹੋ ਜਾਵੇ। ਇਸੇ ਲਈ ਮੈਂ ਮੰਦਰ ਵਿੱਚ ਦੀਵਾ ਜਗਾਉਣ ਨਹੀਂ ਗਿਆ। ਇਸ ਥੜ੍ਹੇ ਤੇ ਸਭ ਬੈਠਦੇ ਹਨ, ਸ਼ੂਦਰ ਵੀ ਬੈਠਦੇ ਹਨ। ਏਥੇ ਮੇਰਾ ਦੀਵਾ ਰੱਖਿਆ ਜਾ ਸਕਦਾ ਹੈ। ਪਰ ਜਦੋਂ ਤਾਕਤ ਕੋਲ ਹੋਵੇ ਤਾਂ ਕੌਣ ਕਿਸੇ ਦੀਆ ਦਲੀਲਾਂ ਨੂੰ ਸੁਣਦਾ ਹੈ ਜਾਂ ਸੁਣ ਕੇ ਮੰਨਦਾ ਹੈ।

ਬ੍ਰਾਹਮਣ ਦੇ ਲੜਕੇ ਨੇ ਫੂਕ ਮਾਰੀ ਤੇ ਸ਼ੂਦਰ ਦੇ ਲੜਕੇ ਦਾ ਦੀਵਾ ਬੁਝਾ ਦਿੱਤਾ। ਸ਼ੂਦਰ ਦਾ ਲੜਕਾ ਬੜਾ ਹੀ ਉਦਾਸ ਤੇ ਨਿਰਾਸ਼ ਹੋਕੇ ਖੜ੍ਹਾ ਸੀ। ਉਸ ਨੇ ਆਪਣਾ ਦੀਵਾ ਹੱਥ ਵਿੱਚ ਫੜਿਆ ਤੇ ਵਾਪਸ ਘਰ ਨੂੰ ਤੁਰ ਪਿਆ। ਬ੍ਰਾਹਮਣ ਦੇ ਲੜਕੇ ਦਾ ਦੀਵਾ ਜਗ ਰਿਹਾ ਸੀ, ਉਹ ਪ੍ਰਸੰਨ ਸੀ ਤੇ ਵਾਪਸ ਤੁਰਨ ਲਗਿਆ ਉਸ ਨੇ ਕਿਹਾ ਕਿ ਵੇਖ ਚੰਡਾਲ ਦੇ ਬੱਚੇ, ਅੱਗੇ ਵਾਸਤੇ ਐਸੀ ਗਲਤੀ ਨਾ ਕਰਨਾ। ਦੀਵਾ ਕਿਸੇ ਥੜ੍ਹੇ ਤੇ ਵੀ ਹੋਵੇ ਬ੍ਰਾਹਮਣ ਦੇ ਮੁਕਾਬਲੇ ਤੇ ਤੇਰਾ ਦੀਵਾ ਨਹੀਂ ਜਗ ਸਕਦਾ। ਇੰਨੀ ਗੱਲ ਕਹਿ ਕੇ ਬ੍ਰਾਹਮਣ ਦਾ ਲੜਕਾ ਆਪਣੇ ਘਰ ਨੂੰ ਚਲਾ ਗਿਆ। ਉਸ ਦੇ ਜਾਣ ਬਾਅਦ ਸ਼ੂਦਰ ਲੜਕੇ ਦੇ ਮਨ ਵਿੱਚ ਇੱਕ ਖ਼ਿਆਲ ਆਇਆ। ਉਸ ਨੇ ਵਾਪਸ ਆ ਕੇ ਬ੍ਰਾਹਮਣ ਦੇ ਲੜਕੇ ਦਾ ਦੀਵਾ ਵੀ ਬੁਝਾ ਦਿੱਤਾ ਪਰ ਇੱਕ ਖ਼ਿਆਲ ਆਇਆ ਕਿ ਮੈਂ ਇੱਕ ਭੁੱਲ ਕਰ ਬੈਠਾ ਹਾਂ। ਮੈਂ ਉਹ ਜਗਦਾ ਦੀਵਾ ਵੀ ਬੁਝਾ ਦਿੱਤਾ ਹੈ ਅਤੇ ਮੇਰਾ ਆਪਣਾ ਦੀਵਾ ਪਹਿਲਾਂ ਹੀ ਬੁਝਿਆ ਹੈ। ਹੁਣ ਮੈਂ ਕੀ ਕਰਾਂ ? ਆਖ਼ਰ ਹੋਰ ਕੋਈ ਚਾਰਾ ਨਾ ਵੇਖ ਕੇ ਉਸ ਨੇ ਕਿਹਾ ਕਿ ਹੁਣ ਕੀ ਮੈਂ ਬ੍ਰਾਹਮਣ ਦੇ ਬੱਚੇ ਦਾ ਦੀਵਾ ਤੋੜ ਦਿਆ ਤੇ ਆਪਣਾ ਦੀਵਾ ਇੱਥੇ ਰੱਖ ਦੇਵਾਂ ? ਪਰ ਫਿਰ ਖ਼ਿਆਲ ਆਇਆ ਕਿ ਦੀਵਾ ਤੋੜਨ ਨਾਲ ਮਜ਼ਾ ਨਹੀਂ ਆਉਣਾ, ਅਨੰਦ ਤਾਂ ਬਰਾਬਰਤਾ ਦਾ ਹੈ। ਮੈਂ ਆਪਣੇ ਦੀਵੇ ਨੂੰ ਬ੍ਰਾਹਮਣ ਦੇ ਲੜਕੇ ਦੇ ਬਰਾਬਰ ਰੱਖ ਦਿਆਂ। ਉਸ ਨੇ ਐਸਾ ਹੀ ਕੀਤਾ। ਆਪਣਾ ਦੀਵਾ ਉਸ ਦੀਵੇ ਦੇ ਬਰਾਬਰ ਰੱਖ ਕੇ ਉਹ ਲੜਕਾ ਵੀ ਮਨ ਵਿੱਚ ਬੜਾ ਪ੍ਰਸੰਨ ਹੋ ਕੇ ਆਪਣੇ ਘਰ ਨੂੰ ਵਾਪਸ ਪਰਤ ਆਇਆ। ਉਹ ਖੁਸ਼ ਸੀ ਕਿ ਦੋਵੇਂ ਦੀਵੇ ਬਰਾਬਰ ਹੀ ਪਏ ਹਨ ਤੇ ਦੋਵੇਂ ਹੀ ਬੁਝੇ ਹੋਏ ਹਨ। ਇਹ ਲੜਕਾ ਵੀ ਵਾਪਸ ਚਲਾ ਗਿਆ।

ਵਿਚਾਰਵਾਨਾਂ ਦਾ ਖ਼ਿਆਲ ਹੈ ਕਿ ਬਿਮਾਰੀ ਦੇ ਕੀਟਾਣੂੰ ਬੜੇ ਹੀ ਸੂਖਸ਼ਮ ਹੁੰਦੇ ਹਨ ਤੇ ਕਈ ਵਾਰ ਮਨੁੱਖ ਨੂੰ ਖ਼ਿਆਲ ਹੀ ਨਹੀਂ ਰਹਿੰਦਾ ਕਿ ਕਿਸੇ ਚੀਜ਼ ਨੂੰ ਹੱਥ ਲਾਇਆਂ ਹੀ ਕਿੰਨੇ ਕੀਟਾਣੂੰ ਮੇਰੇ ਨਾਲ ਆ ਗਏ ਹਨ। ਇਹੀ ਹਾਲਤ ਹੈ ਉਨ੍ਹਾਂ ਦੀਵਿਆਂ ਦੀ। ਆਖ਼ਰ ਹੱਥ ਲਗੇ ਸਨ ਉਨ੍ਹਾਂ ਦੀਵਿਆਂ ਨੂੰ, ਦੋ ਬੱਚਿਆਂ ਦੇ ਦੋਵਾਂ ਦੀਵਿਆਂ ਤੇ ਅਸਰ ਹੋਣਾ ਬੜਾ ਹੀ ਜ਼ਰੂਰੀ ਸੀ। ਬ੍ਰਾਹਮਣ ਦਾ ਦੀਵਾ ਬੋਲਿਆ, ਓਇ ਸ਼ੂਦਰ ਦੀਵੇ ਤੂੰ ਸਾਡੇ ਨਾਲ ਮੱਥਾ ਲਾ ਕੇ ਚੰਗਾ ਨਹੀਂ ਕੀਤਾ, ਸ਼ੂਦਰ ਤੇ ਬ੍ਰਾਹਮਣ ਇਕੱਠੇ ਨਹੀਂ ਬੈਠ ਸਕਦੇ, ਤੇ ਨਾ ਹੀ ਇਕੱਠੇ ਬੈਠਣਾ ਚਾਹੀਦਾ ਹੈ। ਤੂੰ ਆਪਣੀ ਸ਼ਕਲ ਨਹੀਂ ਵੇਖੀ। ਤੇਰਾ ਰੰਗ ਕਾਲਾ, ਮੇਰਾ ਰੰਗ ਗੋਰਾ, ਨਾ ਕੋਈ ਤੈਨੂੰ ਅਕਲ ਹੈ, ਨਾ ਹੀ ਤੇਰੀ ਕੋਈ ਚੰਗੀ ਸ਼ਕਲ ਹੈ। ਤੈਨੂੰ ਆਪਣੇ ਵਲ ਵੇਖ ਕੇ ਲੱਜਾ ਆਉਣੀ ਚਾਹੀਦੀ ਹੈ। ਪਰ ਅਗੋਂ ਸ਼ੂਦਰ ਦੀਵਾ ਬੋਲਿਆ ਮੇਰੇ ਵੀਰ, ਮੈਂ ਤੈਨੂੰ ਪਛਾਣ ਲਿਆ ਹੈ ਪਰ ਤੂੰ ਮੈਨੂੰ ਨਹੀਂ ਪਛਾਣਿਆ, ਜਦੋਂ ਘੁਮਿਆਰ ਨੇ ਮਿੱਟੀ ਲਈ ਸੀ ਤਾਂ ਅਸੀਂ ਇਕੱਠੇ ਹੀ ਸਾਂ, ਜਦੋਂ ਮਿੱਟੀ ਗੋਈ ਸੀ ਤਾਂ ਅਸੀਂ ਇਕੱਠੇ ਹੀ ਸਾਂ। ਅਸੀਂ ਇੱਕੋ ਪੇੜੇ ਵਿੱਚ ਸਾਂ, ਫਰਕ ਇੰਨਾ ਪਿਆ ਕਿ ਤੂੰ ਮੇਰੇ ਤੋਂ ਪਹਿਲਾਂ ਚੱਕ ਤੋਂ ਉੱਤਰ ਗਿਆ। ਮੈਂ ਤੇਰੇ ਤੋਂ ਬਾਅਦ ਵਿੱਚ ਉਤਰਿਆ ਸਾਂ। ਫਿਰ ਅਸੀਂ ਆਵੇ ਵਿੱਚ ਇਕੱਠੇ ਹੀ ਪੱਕੇ ਸਾਂ। ਫਿਰ ਘੁਮਿਆਰ ਰੰਗ ਕਰਨ ਲੱਗਾ ਤਾਂ ਤੈਨੂੰ ਲਾਲ ਰੰਗ ਕਰ ਦਿੱਤਾ ਮੈਨੂੰ ਉਸਨੇ ਕਾਲਾ ਰੰਗ ਫੇਰ ਦਿੱਤਾ। ਬ੍ਰਾਹਮਣ ਆਇਆ ਤੈਨੂੰ ਖਰੀਦ ਕੇ ਲੈ ਗਿਆ, ਫਿਰ ਸ਼ੂਦਰ ਆਇਆ ਤੇ ਮੈਨੂੰ ਖਰੀਦ ਕੇ ਲੈ ਆਇਆ। ਤੂੰ ਬ੍ਰਾਹਮਣ ਦੇ ਹੱਥ ਵਿੱਚ ਜਾਣ ਕਰਕੇ ਬ੍ਰਾਹਮਣ ਹੋ ਗਿਆ। ਮੈਂ ਸ਼ੂਦਰ ਦੇ ਹੱਥ ਲਗਣ ਕਰ ਕੇ ਸ਼ੂਦਰ ਹੋ ਗਿਆ ਹਾਂ। ਬਾਕੀ ਅਸੀਂ ਸੱਕੇ ਭਰਾ ਹਾਂ ਇੱਕੋ ਮਿੱਟੀ ਤੋਂ ਹਾਂ। ਕੀ ਤੂੰ ਕਬੀਰ ਸਾਹਿਬ ਦਾ ਬਚਨ ਨਹੀਂ ਸੁਣਿਆ।

ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ ॥
ਪ੍ਰਭਾਤੀ (ਭ ਕਬੀਰ) – ਅੰਗ ੧੩੫੦

"ਪਰ ਕੌਣ ਮੰਨਦਾ ਹੈ ਇਹਨਾਂ ਦਲੀਲਾਂ ਨੂੰ ।" ਬ੍ਰਾਹਮਣ ਦੀਵਾ ਬੋਲਿਆ । ਹਾਂ ਕਬੀਰ ਵੀ ਸ਼ੂਦਰ ਸੀ ਤੂੰ ਵੀ ਸ਼ੂਦਰ ਹੈਂ । ਕਬੀਰ ਦੀ ਬਾਣੀ ਵਿੱਚੋਂ ਐਸੇ ਵਿਚਾਰ ਤੈਨੂੰ ਮਿਲ ਹੀ ਜਾਣਗੇ । ਤੂੰ ਜੇ ਪੜ੍ਹਣਾ ਹੀ ਹੈ, ਪੜ੍ਹ ਬ੍ਰਾਹਮਣ ਦੀ ਬਾਣੀ ਨੂੰ । ਪਰ ਉਹ ਤੈਨੂੰ ਪੜ੍ਹਨ ਦਾ ਅਧਿਕਾਰ ਨਹੀਂ । ਪਰ ਮੈਂ ਤੈਨੂੰ ਦਸ ਦਿਆਂ ਮੈਨੂੰ ਸਿਮ੍ਰਤੀ ਵਿੱਚ ਲਿਖਿਆ ਹੈ ਕਿ ਸ਼ੂਦਰ ਤੇ ਬ੍ਰਾਹਮਣ ਦੀ ਕਦੀ ਵੀ ਬਰਾਬਰਤਾ ਨਹੀਂ ਹੋ ਸਕਦੀ । ਬ੍ਰਾਹਮਣ ਨੂੰ ਸ਼ੂਦਰ ਦੇ ਪ੍ਰਛਾਵੇਂ ਤੋਂ ਵੀ ਬੱਚ ਕੇ ਰਹਿਣਾ ਚਾਹੀਦਾ ਹੈ । ਇਤਨੀ ਵਧੀਕੀ ਸੁਣ ਕੇ ਦੀਵੇ ਵਿੱਚੋਂ ਤੇਲ ਬੋਲਿਆ, "ਆਪਣੇ ਵਿੱਚ ਪਏ ਤੇਲ ਨੂੰ ਹੀ ਪੁੱਛ, ਅਸੀਂ ਦੋਵੇਂ ਇੱਕ ਹਾਂ" ਇੱਕੋ ਦੁਕਾਨ ਤੋਂ ਆਏ ਹਾਂ । ਪਰ ਬ੍ਰਾਹਮਣ ਤੇਲ ਬੋਲਿਆ ਭਾਈ ਪੁਰਾਣੀਆਂ ਸਾਂਝਾਂ ਛੱਡ । ਹੁਣ ਕਿੱਥੇ ਬ੍ਰਾਹਮਣ ਦੇ ਹੱਥ, ਕਿੱਥੇ ਸ਼ੂਦਰ ਦੇ ਹੱਥ, ਮੈਂ ਬ੍ਰਾਹਮਣ ਦੇ ਹੱਥ ਵਿੱਚ ਆ ਕੇ ਗੰਗਾ ਵਾਂਗ ਪਵਿੱਤਰ ਹਾਂ, ਪਰ ਤੂੰ ਸ਼ੂਦਰ ਦੇ ਹੱਥਾਂ ਵਿੱਚ ਆ ਕੇ ਬਿਲਕੁਲ ਹੀ ਭਰਿਸ਼ਟ ਹੈ । ਇਸ ਤੋਂ ਬਾਅਦ ਰੂੰ ਬੋਲਿਆ ਕਿ ਅਸੀਂ ਦੋਵੇਂ ਇੱਕ ਵੜੇਵੇਂ ਤੋਂ ਜਨਮੇ ਹਾਂ । ਬੱਤੀਆਂ ਦਾ ਮੂਲ ਰੂੰ ਇੱਕ ਹੈ, ਪਰ ਬ੍ਰਾਹਮਣ ਰੂਈ ਸ਼ੂਦਰ ਰੂਈ ਨਾਲ ਕਿੱਥੇ ਸਾਂਝ ਬਣਾਉਂਦੀ ਹੈ । ਬ੍ਰਾਹਮਣ ਰੂਈ ਨੇ ਕਿਹਾ, ਮੈਂ ਇੰਨੀ ਉੱਚੀ ਹੋ ਕੇ ਪਤਿਤ ਹੋਣ ਲਈ ਤਿਆਰ ਨਹੀਂ । ਬ੍ਰਾਹਮਣ ਬ੍ਰਾਹਮਣ ਹੈ, ਸ਼ੂਦਰ ਸ਼ੂਦਰ ਹੈ ।

ਇਹ ਝਗੜਾ ਹੋ ਹੀ ਰਿਹਾ ਸੀ ਕਿ ਚੰਗੇ ਭਾਗਾਂ ਨੂੰ ਇੱਕ ਫਕੀਰ ਇੱਥੇ ਆ ਪਹੁੰਚਿਆ । ਉਸ ਨੇ ਇਹਨਾਂ ਦੀਵਿਆਂ ਦਾ ਝਗੜਾ ਸੁਣਿਆ ਤੇ ਸਮਝਿਆ ਕਿ ਜੋ ਲੋਕਾਂ ਨੂੰ ਰਾਹ ਵਿਖਾਉਣ ਵਾਲੇ ਹਨ, ਉਹ ਆਪਸ ਵਿੱਚ ਹੀ ਝਗੜਾ ਕਰਦੇ ਪਏ ਹਨ । ਪਰ ਇਹਨਾਂ ਦਾ ਝਗੜਾ ਕਿਉਂ ਹੈ ? ਇਸ ਦਾ ਕੀ ਕਾਰਨ ਹੈ ? ਫਕੀਰ ਸਮਝ ਗਿਆ ਕਿ ਝਗੜੇ ਦਾ ਕਾਰਨ ਬੁਝੇ ਹੋਏ ਦੀਵੇ ਹਨ, ਹਨੇਰੇ ਵਿੱਚ ਟਕਰਾਉ ਤੋਂ ਬਿਨਾਂ ਹੋਰ ਕੀ ਹੋਵੇਗਾ ? ਉਸ ਨੇ ਸਮਝ ਲਿਆ ਕਿ ਇਹ ਬੁਝੇ ਹੋਏ ਦੀਵੇ ਗਿਆਨ ਦੀ ਗੱਲ ਨਹੀਂ ਸਮਝਣਗੇ । ਉਸ ਨੇ ਆਪਣੇ ਥੈਲੇ ਵਿੱਚੋਂ ਮਾਚਸ ਕੱਢੀ ਅਤੇ ਪਹਿਲਾਂ ਸ਼ੂਦਰ ਦੀਵੇ ਨੂੰ ਜਗਾਇਆ । ਫਿਰ ਉਸ ਨੇ ਬ੍ਰਾਹਮਣ ਦੀਵੇ ਨੂੰ ਪੁੱਛਿਆ, ਕਿਉਂ ਭਈ ਹੁਣ ਦਸ, ਦੋਵਾਂ ਵਿੱਚੋਂ ਕੌਣ ਮਹਾਨ ਹੈ । ਫਿਰ ਬ੍ਰਾਹਮਣ ਦੀਵੇ ਨੇ ਕਿਹਾ, ਫਕੀਰਾ ਮਹਾਨ ਉਹੀ ਹੈ ਜਿਹੜਾ ਜਗਦਾ ਹੈ । ਫਕੀਰ ਨੇ ਸ਼ੂਦਰ ਦੀਵੇ ਤੋਂ ਬ੍ਰਾਹਮਣ ਦੀਵੇ ਨੂੰ ਜਗਾ ਦਿੱਤਾ ਤੇ ਇੱਕ ਹੋਰ ਕੰਮ ਕੀਤਾ ਕਿ ਦੋਹਾਂ ਦੇ ਮੂੰਹਾਂ ਨੂੰ ਇੰਨਾਂ ਜੋੜ ਦਿੱਤਾ ਕਿ ਦੋਵੇਂ ਬੱਤੀਆ ਜੁੜ ਗਈਆਂ ਅਤੇ ਦੋਹਾਂ ਦੀ ਲਾਟ ਇੱਕ ਹੋ ਗਈ । ਫਕੀਰ ਨੇ ਕਿਹਾ ਵੇਖੋ ਦੋਹਾਂ ਦੀ ਰੌਸ਼ਨੀ ਇੱਕ ਹੋ ਗਈ ਹੈ । ਦੋਹਾਂ ਦੀ ਰੌਸ਼ਨੀ ਨੇ ਇੱਕ ਦੂਸਰੇ ਦੇ ਪ੍ਰਛਾਵੇਂ ਦਾ ਹਨੇਰਾ ਵੀ ਮੁਕਾ ਦਿੱਤਾ ਹੈ, ਹੁਣ ਪਹਿਚਾਣ ਕਰੋ ਕਿ ਕਿਹੜੀ ਰੌਸ਼ਨੀ ਬ੍ਰਾਹਮਣ ਹੈ ਅਤੇ ਕਿਹੜੀ ਰੌਸ਼ਨੀ ਸ਼ੂਦਰ ਹੈ । ਸ਼ੂਦਰ ਤਾਂ ਪਹਿਲੇ ਹੀ ਸਹਿਮਤ ਸੀ । ਬ੍ਰਾਹਮਣ ਦੀਵੇ ਨੇ ਵੀ ਕਿਹਾ, ਰੌਸ਼ਨੀ ਤਾਂ ਇੱਕ ਹੈ, ਉਸ ਵਿੱਚ ਕੋਈ ਫਰਕ ਨਹੀਂ । ਦੋਹਾਂ ਦੀਵਿਆਂ ਨੇ ਕਿਹਾ, "ਫਕੀਰਾ ਤੇਰਾ ਧੰਨਵਾਦ ਹੈ ਤੂੰ ਸਾਨੂੰ ਦੋ ਵਿਛੜੇ ਭਰਾਵਾਂ ਨੂੰ ਮੇਲ ਦਿੱਤਾ ਹੈ । ਵਿਛੋੜੇ ਦਾ ਕਾਰਨ ਸਾਡਾ ਅੰਧਕਾਰ ਸੀ, ਸਾਡਾ ਭਰਮ ਸੀ, ਅਸੀਂ ਹੈ ਹੀ ਇੱਕ ਜੋਤ ਹਾਂ ।"

ਫਕੀਰ ਖੁਸ ਸੀ ਕਿ ਦੋ ਦੀਵਿਆਂ ਨੂੰ ਪਤਾ ਲੱਗ ਗਿਆ ਹੈ ਕਿ ਅਸੀਂ ਇੱਕ ਜੋਤ ਹਾਂ । ਫਕੀਰ ਤੁਰਨ ਹੀ ਲਗਾ ਸੀ, ਕਿ ਦੋਹਾਂ ਦੀਵਿਆਂ ਨੇ ਆਵਾਜ਼ ਦਿੱਤੀ, ਹੇ ਫਕੀਰ

ਸਾਡੀ ਇੱਕ ਗੱਲ ਸੁਣ ਕੇ ਜਾਈਂ, ਜਿੱਥੇ ਤੂੰ ਸਾਡੇ ਤੇ ਇਹ ਕ੍ਰਿਪਾ ਕੀਤੀ ਹੈ ਉੱਥੇ ਇੱਕ ਹੋਰ ਮਿਹਰ ਵੀ ਕਰਦਾ ਜਾ, ਜ਼ਰਾ ਉਹਨਾਂ ਭੁੱਲੇ ਹੋਏ ਦੋ ਵੀਰਾਂ ਵਲ ਵੀ ਜਾਈਂ ਜਿਹੜੇ ਸਾਨੂੰ ਇੱਥੇ ਇਸ ਥੜ੍ਹੇ ਤੇ ਰੱਖ ਕੇ ਗਏ ਹਨ, ਤੇ ਸਾਡੇ ਕਾਰਨ ਉਹ ਵੀ ਲੜਦੇ ਗਏ ਸਨ ਤੇ ਉਹਨਾਂ ਦੇ ਕਾਰਨ ਅਸੀਂ ਆਪਸ ਵਿੱਚ ਲੜਦੇ ਪਏ ਸਾਂ । ਜਿਵੇਂ ਸਾਨੂੰ ਬੁਝਿਆਂ ਨੂੰ ਤੂੰ ਜਗਾ ਦਿੱਤਾ ਹੈ, ਜ਼ਰਾ ਉਹਨਾਂ ਨੂੰ ਵੀ ਜਗਾ ਜਾਵੀਂ । ਉਹਨਾਂ ਨੂੰ ਵੀ ਜੋੜ ਕੇ ਬਿਠਾ ਦੇ । ਜੇ ਇਹ ਜੁੜ ਕੇ ਬੈਠ ਜਾਣ ਤਾਂ ਕਾਫ਼ੀ ਹਦ ਤੱਕ ਮਨੁੱਖਤਾ ਦਾ ਕਲੇਸ਼ ਮੁੱਕ ਜਾਏ । ਉਹਨਾਂ ਨੂੰ ਪਤਾ ਲੱਗ ਜਾਏ ਕਿ ਅਸੀਂ ਜਾਤਾਂ ਤੋਂ ਐਵੇਂ ਹੀ ਰਹੇ ਹਾਂ, ਸਾਡਾ ਅਸਲਾ ਇੱਕ ਹੈ । ਸਾਡੀ ਜੋਤ ਇੱਕ ਹੈ । ਹੇ ਫਕੀਰ ਸਾਡਾ ਸੰਦੇਸ਼ਾ ਉਹਨਾਂ ਨੂੰ ਦੇ ਦੇਣਾ ਤੇ ਕਹਿਣਾ ਜਾਓ ਜਾ ਕੇ ਜਗਿਆਂ ਦੀਵਿਆਂ ਨੂੰ ਵੇਖੋ, ਉਹ ਕਿੰਨੇ ਪ੍ਰਸੰਨ ਹਨ । ਉਹਨਾਂ ਨੂੰ ਕਹਿਣਾ ਕਿ ਇੱਕ ਵਾਰ ਆ ਕੇ ਸਾਨੂੰ ਵੇਖ ਜਾਣ ਤਾਂ ਕਿ ਉਹਨਾਂ ਨੂੰ ਵੀ ਕੁਝ ਅਕਲ ਮਤ ਆ ਜਾਏ ਕਿ ਦੀਵੇ ਬੇਸ਼ਕ ਦੋ ਹਨ ਜੋਤ ਤਾਂ ਇੱਕ ਹੈ । ਹੇ ਫਕੀਰ, ਤੂੰ ਜਗਦਾ ਦੀਵਾ ਹੈ, ਤੇਰੇ ਵਿੱਚ ਇਹ ਸਮਰੱਥਾ ਹੈ ਕਿ ਤੂੰ ਬੁਝੇ ਹੋਏ ਦੀਵਿਆਂ ਨੂੰ ਜਗਾ ਸਕਦਾ ਹੈ । ਤੂੰ ਸਮਝਾ ਸਕਦਾ ਹੈ, ਤੂੰ ਵਿਖਾ ਸਕਦਾ ਹੈ ਕਿ ਦੋ ਦੀਵੇ ਹਨ ਪਰ ਜੋਤ ਇੱਕ ਹੈ । ਤੇਰੇ ਵਿੱਚ ਇਹ ਸਮਰੱਥਾ ਹੈ । ਤੈਨੂੰ ਪ੍ਰਮਾਤਮਾ ਨੇ ਇਸੇ ਲਈ ਭੇਜਿਆ ਹੈ ਕਿ ਤੂੰ ਬੁਝੇ ਹੋਏ ਦੀਵੇ ਜਗਾਵੇਂ ਉਹਨਾਂ ਨੂੰ ਉਹਨਾਂ ਦੀ ਅਸਲੀਅਤ ਵਿਖਾਵੇਂ ।

ਬੁਝੇ ਹੋਏ ਦੀਵੇ ਵੀ ਸਮਝਣ ਕਿ ਤੂੰ ਐਸਾ ਚਰਾਗ ਹੈ :-

**ਬਲਿਓ ਚਰਾਗੁ ਅੰਧ੍ਯਾਰ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ ॥**
**ਪ੍ਰਗਟੁ ਸਗਲ ਹਰਿ ਭਵਨ ਮਹਿ ਜਨੁ ਨਾਨਕੁ ਗੁਰੁ ਪਾਰਬ੍ਰਹਮ ॥੯॥**

**- ਸਵਈਏ ਸ੍ਰੀ ਮੁਖਬਾਕ੍ਯ (ਮਃ ੫) - ਅੰਗ ੧੩੮੭**

## ਭਗਤ ਰਵੀਦਾਸ ਜੀ

**ਗਿਆਨੀ ਜਸਵਿੰਦਰ ਸਿੰਘ**

ਸਰਬ ਸਾਂਝੀ ਵਾਲਤਾ ਦੇ ਸਿਧਾਂਤ ਨੂੰ ਮੁੱਖ ਰਖਦਿਆਂ ਗੁਰਬਾਣੀ ਅੰਦਰ ਗੁਰੂਆਂ ਦੀ ਬਾਣੀ ਤੋਂ ਇਲਾਵਾ 15 ਭਗਤ ਸਾਹਿਬਾਨਾਂ ਦੇ ਅੰਮ੍ਰਿਤ ਬੋਲ ਵੀ ਦਰਜ ਹਨ । ਜੋ ਵੱਖ-ਵੱਖ ਕਿਤਿਆਂ ਇਲਾਕਿਆਂ, ਬੋਲੀਆਂ ਨਾਲ ਸੰਬੰਧ ਰਖਦੇ ਹਨ ।

ਜਰੂਰੀ ਨਹੀਂ ਕੋਈ ਖਾਸ ਵਰਨ ਜਾਂ ਜਾਤੀ ਨਾਲ ਸੰਬੰਧ ਰਖਣ ਵਾਲਾ ਹੀ ਧਰਮੀ ਹੋ ਸਕਦਾ ਹੈ ।

ਜਿਵੇਂ ਬਰਤਨ ਕੋਈ ਵੀ ਹੋਵੇ, ਪਰੋਸਨ ਵਾਲਾ ਕੋਈ ਵੀ ਹੋਵੇ ਪਰ ਭੁੱਖ ਭੋਜਨ ਨਾਲ ਹੀ ਮਿਟਦੀ ਹੈ ।

ਗਿਲਾਸ ਕੋਈ ਵੀ ਹੋਵੇ ਪਿਆਸ ਪਾਣੀ ਨਾਲ ਹੀ ਬੁਝਦੀ ਹੈ । ਇਸੇ ਤਰਾਂ ਭਗਤੀ ਤੇ ਭਾਵ ਨਾਲ ਹੀ ਪਰਮਾਤਮਾ ਦਾ ਭਗਤ ਤੇ ਸੱਚਾ ਧਰਮੀ ਬਣ ਸਕਦਾ ਹੈ ਕਿਸੇ ਭੇਖ, ਕਰਮਕਾਂਡ ਜਾਂ ਉੱਚੀ ਜਾਤ ਕਰਕੇ ਹੀ ਨਹੀਂ ।

ਭਗਤ ਰਵਿਦਾਸ ਜੀ ਆਖਦੇ ਹਨ ਪ੍ਰਭੂ ਕਿਸੀ ਦੀ ਮਾਲਕੀਅਤ ਨਹੀਂ, ਕਿਸੇ ਦੇ ਬਾਪ ਦਾ ਨਹੀਂ ਉਹ ਤਾਂ ਪ੍ਰੇਮ ਦਾ ਬਝੋ ਹੋਇਆ ਹੈ :-

ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ ॥ - ਅੰਗ ੬੫੮

ਭਗਤ ਰਵਿਦਾਸ ਜੀ ਵੀ ਐਸੇ ਮਹਾਨ ਕ੍ਰਾਂਤੀਕਾਰੀ ਭਗਤ ਹੋਏ ਹਨ ਜਿਨਾਂ ਨੇ ਲੋਕ ਲਾਜ ਦੀ ਪਰਵਾਹ ਨਹੀ ਕੀਤੀ ਭਾਵੇ ਲੋਕ ਉਨਾਂ ਨੂੰ ਚਮਾਰ-ਚਮਾਰ ਕਹਿ ਕੇ ਪੁਕਾਰਦੇ ਸਨ ਪਰ ਉਹਨਾਂ ਨੇ ਜੀਵਨ ਨੂੰ ਧਾਰਮਿਕ ਪਖੋਂ ਤੋਂ ਇਤਨਾ ਉਪਰ ਚੁੱਕ ਲਿਆ ਤੇ ਪਰਮਾਤਮਾ ਨੂੰ ਵੀ ਪ੍ਰੇਮ ਦੇ ਬੰਧਕ ਵਿਖੇ ਬੰਦ ਲਿਆ ਤੇ ਕਹਿ ਦਿੱਤਾ ਕਿ ਜਿਵੇਂ ਸੋਨੇ ਤੇ ਗਹਣਿਆਂ ਦਾ ਫਰਕ ਨਹੀਂ ਪਾਨੀ ਤੇ ਲਹਿਰਾਂ ਦਾ ਭੇਦ ਨਹੀਂ ਹੇ ਮੇਰੇ ਪ੍ਰਭੂ ਤੇਰਾ ਤੇ ਮੇਰਾ ਵੀ ਹੁਣ ਕੋਈ ਫਰਕ ਨਹੀਂ:-

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ॥ ਕਨਕ ਕਟਿਕ ਜਲ ਤਰੰਗ ਜੈਸਾ ॥੧॥

ਅਤੇ ਭਗਤ ਕਿਹਾ ਹੀ ਉਸਨੂੰ ਜਾਂਦਾ ਹੈ ਜਿੱਥੇ ਭ - ਭਾਵਨ, ਗ - ਗਿਆਨ, ਤ - ਤਿਆਗ ਹੋਵੇ ਐਸੇ ਹੀ ਭਾਵਨ, ਗਿਆਨ ਤੇ ਤਿਆਗ ਦੀ ਮੂਰਤਿ ਭਗਤ ਰਵਿਦਾਸ ਜੀ ਦਾ ਜਨਮ ਸੰਨ 1433 ਈ: ਨੂੰ ਮਾਤਾ ਕਲਸੀ ਦੇਵੀ, ਪਿਤਾ ਸ੍ਰੀ ਸੰਤੋਖ ਦਾਸ ਦੇ ਘਰ ਬਨਾਰਸ ਦੇ ਲਾਗੇ ਗੋਵਰਧਨ ਪੁਰ, U.P. ਵਿਖੇ ਹੋਇਆ ਭਗਤ ਰਵੀਦਾਸ ਜੀ ਦੀ ਪਤਨੀ ਬੀਬੀ ਲੋਨਾ ਅਤੇ ਇੱਕ ਪੁੱਤਰ ਵਿਜੇ ਦਾਸ ਸੀ ।

ਭਗਤ ਜੀ ਦੀ ਬਾਣੀ ਤੋਂ ਹੀ ਪਤਾ ਲਗਦਾ ਹੈ ਕਿ ਉਹਨਾਂ ਦਾ ਕਿੱਤਾ ਚੱਮ ਦਾ ਸੀ ਉਹਨਾਂ ਦੇ ਪਰਿਵਾਰ ਬਨਾਰਸ ਦੇ ਆਸ-ਪਾਸ ਇਹ ਕੰਮ ਕਰਦੇ ਸਨ :-

ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ ॥
-ਅੰਗ 1293

ਭਾਵੇਂ ਕਿ ਭਗਤ ਜੀ ਨੇ ਸੰਸਾਰਕ ਵਿਦਿਆ ਪ੍ਰਾਪਤ ਨਹੀਂ ਕੀਤੀ ਕਿਉਂਕੀ ਉਹਨਾਂ ਸਮਿਆਂ ਵਿਥੋਂ ਸੂੰਦਰ ਤੇ ਨੀਵੀਂ ਜਾਤ ਵਾਲਿਆਂ ਨੂੰ ਪੜਨ ਦਾ ਅਧਿਕਾਰ ਨਹੀਂ ਸੀ ।

ਪਰ ਫਿਰ ਵੀ ਆਪ ਜੀ ਵਲੋਂ ਉਚਾਰਨ ਕਿੱਤੇ ਅੰਮ੍ਰਿਤ ਬੋਲਾਂ ਨੇ ਵੱਡੇ-ਵੱਡੇ ਪੰਡਿਤਾਂ ਤੇ ਬ੍ਰਾਹਮਣਾਂ ਨੂੰ ਵੀ ਮਾਤ ਪਾ ਦਿੱਤੀ ਉਹ ਵੀ ਆਪ ਜੀ ਨੂੰ ਨਮਸਕਾਰ ਕਰਨ ਲਗੇ ।

ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ
ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ ॥੩॥੧॥ - ਅੰਗ ੧੨੯੩

ਪਰ ਭਗਤ ਜੀ ਨੇ ਕਿਹਾ ਹੇ ਪ੍ਰਭੂ ਇਹ ਵਡਿਆਈ ਬਖਸ਼ਣ ਬਲਾ ਤੂੰ ਹੀ ਹੈ ਜੋ ਗਰੀਬਾਂ ਤੇ ਨਿਮਾਣੇਆ ਨੂੰ ਮਾਣ ਬਖਸ਼ਦਾ ਹੈ ।

ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥
ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ ॥੧॥ - ਅੰਗ ੧੧੦੬

ਇੱਥੋਂ ਤੱਕ ਚਿਤੋੜ ਦਾ ਮੁਖੀਆ ਰਾਣਾ ਸਾਗਾ ਤੇ ਝਾਲਾ ਬਾਈ ਭਗਤ ਜੀ ਦੇ ਸੇਵਕ ਸਨ ।

ਭਗਤ ਰਵੀਦਾਸ ਜੀ ਐਸੇ ਸਮਾਜ ਦੀ ਸਿਰਜਣਾ ਚਾਹੁੰਦੇ ਹਨ ਜਿੱਥੇ ਕੋਈ ਉੱਚ-ਨੀਚ, ਜਾਤ-ਪਾਤ, ਈਰਖਾ, ਵਿਤਕਰੇ ਦੁੱਖ ਆਦਿ ਨ ਹੋਵਨ ਉਸ ਨੂੰ ਭਗਤ ਜੀ ਨੇ ਬੇਗਮਪੁਰਾ ਕਿਹਾ ਹੈ। ਐਸੀ ਆਤਮਕ ਅਵਸਥਾ ਨੂੰ ਭਗਤ ਜੀ ਨੇ ਮਾਣਿਆ ਹੈ ਜਿੱਥੇ ਸਦਾ ਵਾਸਾ ਹੈ :-

**ਬੇਗਮ ਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥ ਅੰਗ ੩੪੫**

ਗੁਰਬਾਣੀ ਅੰਦਰ ਭਗਤ ਰਵੀਦਾਸ ਜੀ ਦੇ 40 ਸ਼ਬਦ ਜੋ 16 ਰਾਗਾਂ ਵਿੱਚ ਮੋਜੂਦ ਹਨ। ਸ਼ਬਦਾਂ ਵਿਚੋਂ ਇਹ ਗਲ ਉਘੜ ਕੇ ਸਾਹਮਣੇ ਆਉਂਦੀ ਹੈ ਭਗਤ ਜੀ ਨੇ ਆਪ 'ਇੱਕ ਨਿਰਗੁਨਾ ਭਗਤੀ ਭਾਵ ਨੂੰ ਅਪਨਾ ਕੇ ਪ੍ਰਭੂ ਪ੍ਰੀਤੀ ਦੀਆਂ ਸ਼ਿਖਰਾਂ ਨੂੰ ਮਾਣਿਆ।

**ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥**
**ਤੁਮ ਸਿਉ ਜੋਰਿ ਅਵਰ ਸੰਗਿ ਤੋਰੀ ॥੩॥ - ਅੰਗ ੬੫੯**

ਭਗਤ ਜੀ ਨੇ ਆਪਣੀ ਬਾਣੀ ਅੰਦਰ ਕਰਮ ਕਾਂਡਾ, ਤੀਰਥਾਂ, ਆਰਤੀਆਂ ਦਾ ਖੰਡਨ ਕਰਕੇ ਨਾਮ ਤੇ ਸਤਸੰਗਤ ਤੇ ਜੋਰ ਦਿੱਤਾ ਹੈ।

ਕਿਹਾ ਹੈ ਮੇਰੇ ਵਾਸਤੇ ਨਾਮ ਹੀ ਤੀਰਥ ਹੈ ਨਾਮ ਹੀ ਆਰਤੀ ਹੈ ਨਾਮ ਤੋਂ ਬਿਨਾਂ ਸਭ ਝੂਠ ਹੈ।

**ਨਾਮੁ ਤੇਰੋ ਆਰਤੀ ਮਜਨੁ ਮੁਰਾਰੇ ॥**
**ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ ॥੧॥ ਰਹਾਉ ॥ ਅੰਗ ੬੯੪**
**ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ ॥**
**ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ ॥੨੪੨॥ ਅੰਗ ੧੩੭੭**

ਭਾਵੇ ਕਿ ਭਗਤ ਰਵੀਦਾਸ ਜੀ ਸ਼ਰੀਰਕ ਤੋਰ ਤੇ ਸਾਡੇ ਵਿੱਚ ਨਹੀਂ ਪਰ ਉਹਨਾਂ ਦੀ ਬਾਣੀ ਰਾਹੀਂ ਬਖਸ਼ਿਆ ਉਪਦੇਸ਼ ਸਦਾ ਸਾਡੀ ਅਗੁਵਾਈ ਕਰਦਾ ਰਹੇਗਾ।

## ਹੋਲੀ ਤੋਂ ਹੋਲਾ

**ਪ੍ਰਿੰਸੀਪਲ ਸਤਬੀਰ ਸਿੰਘ**

ਹਿੰਦੁਸਤਾਨ ਵਿਚ ਬਹੁਤ ਕਰ ਕੇ ਤਿਉਹਾਰਾਂ ਦਾ ਸੰਬੰਧ ਰੁੱਤਾਂ ਨਾਲ ਹੈ। ਕੁਝ ਤਿਉਹਾਰ ਐਸੇ ਵੀ ਹਨ ਜਿਨ੍ਹਾਂ ਦਾ ਸੰਬੰਧ ਵਰਨ ਆਸ਼ਰਮਾਂ ਨਾਲ ਹੈ। ਦੁਸਹਿਰਾ ਕਸ਼ਤਰੀਆਂ ਲਈ ਤੇ ਦੀਵਾਲੀ ਵੈਸ਼ਾਂ ਲਈ ਰਾਖਵੀਂ ਰਖੀ ਗਈ। 'ਦੰਪਤੀ ਚਤੁਰਥ' ਦੀ ਪੁਸਤਕ ਵਿਚ ਹਰ ਜਾਤੀ ਦੇ ਵੱਖ ਵੱਖ ਪੁਰਬ ਲਿਖੇ ਹਨ। ਸ਼ਾਵਣੀ - ਬ੍ਰਾਹਮਣ, ਵਿਜੈ-ਦਸ਼ਮੀ (ਦੁਸਹਿਰਾ) - ਖੜ੍ਹੀ, ਦੀਪਾਵਲੀ - ਵੈਸ਼ ਅਤੇ ਹੋਲੀ - ਸ਼ੂਦਰ ਦੀ। ਕੁਝ ਉਤਸਵ ਐਸੇ ਹਨ ਜੋ ਨਿਰੋਲ ਮਿਥਿਹਾਸਕ ਜਾਂ ਇਤਿਹਾਸਕ ਹਨ। ਇਨ੍ਹਾਂ ਦੀ ਸੁੰਦਰ ਉਦਾਹਰਣ ਰਾਮ ਨੌਮੀ ਅਤੇ ਜਨਮ ਅਸ਼ਟਮੀ ਹੈ, ਪਰ ਹੋਲੀ ਇੱਕ ਐਸਾ ਤਿਉਹਾਰ ਹੈ ਜੋ ਮੌਸਮੀ ਹੈ, ਵਰਨ ਆਸ਼ਰਮਾਂ ਨਾਲ ਵੀ ਜਿਸ ਦਾ ਸੰਬੰਧ ਹੈ ਤੇ ਇਤਿਹਾਸਕ ਘਟਨਾਵਾਂ ਵੀ ਮੌਸਮੀ ਹੋਣ ਦਾ ਵਰਨਣ ਗੁਰਬਾਣੀ ਵਿਚ ਵੀ ਆਇਆ ਹੈ। 'ਬਸੰਤ ਦੀ ਰੁੱਤ ਆਉਣ ਨਾਲ ਚਾਰੇ

ਪਾਸੇ ਖੇੜਾ ਆ ਗਿਆ ਹੈ । ਚੜ੍ਹਦੀ ਕਲਾ ਤੇ ਉਤਸ਼ਾਹ ਦੀ ਅਵਸਥਾ ਮਿਲ ਗਈ ਹੈ । ਸਾਰੇ ਪਾਸਿਉਂ ਵਧਾਈਆਂ ਤੇ ਮੁਬਾਰਕਾਂ ਹੀ ਮਿਲ ਰਹੀਆਂ ਹਨ' । **ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ ॥ 'ਉਸ ਖੇੜੇ ਦਾ ਫਲ ਸਰੂਪ'** । ਗੁਰੂ ਅਰਜਨ ਜੀ ਫ਼ਰਮਾਂਦੇ ਹਨ : 'ਅੰਦਰ ਬਾਹਰ ਮਾਨੋ ਫਗਣ ਦੀ ਹੋਲੀ ਬਣ ਗਈ ਹੈ ।'

**ਆਜੁ ਹਮਾਰੈ ਬਨੇ ਫਾਗ ॥ ਪ੍ਰਭ ਸੰਗੀ ਮਿਲਿ ਖੇਲਨ ਲਾਗ ॥**

**ਬਸੰਤੁ (ਮਃ ੫) – ਅੰਗ ੧੧੮੦**

ਇਸ 'ਰਿਤੂ ਰਾਜ' ਦੇ ਆਵਣ ਨਾਲ ਚਾਰੇ ਪਾਸੇ ਰੰਗ ਬਿਖੇਰਿਆ ਗਿਆ ਹੈ। ਸੰਤ ਜਨ ਸਾਧ ਸੰਗਤ ਵਿਚ ਮਿਲ ਕੇ ਇਹ ਹੋਲੀ ਖੇਡਣ ਲੱਗ ਪਏ ਹਨ । ਰੰਗ ਗੂੜ੍ਹਾ ਹੋ ਗਿਆ ਹੈ । ਲਾਲੀ ਹੀ ਲਾਲੀ ਹੋ ਗਈ ਹੈ । ਆਤਮਕ ਰੰਗ ਚੜ੍ਹ ਗਿਆ ਹੈ । ਫਿਰ ਗੁਰੂ ਜੀ ਪੁੱਛਦੇ ਹਨ, 'ਹੇ ਭਾਈ ਹੋਲੀ ਕੀ ਹੈ ? ਸੰਤ ਜਨਾਂ ਦੀ ਸੇਵਾ ਨੂੰ ਮੈਂ ਹੋਲੀ ਦੇ ਸਮੇਂ ਵਸੀਲਾ ਬਣਾਇਆ ਹੈ । ਉਨ੍ਹਾਂ ਦੀ ਸੰਗਤ ਦੀ ਬਰਕਤ ਨਾਲ ਮੇਰੇ ਅੰਦਰ ਪਰਮਾਤਮਾ ਦੇ ਪਿਆਰ ਦਾ ਗੂੜ੍ਹਾ ਰੰਗ ਚੜ੍ਹ ਪਿਆ ਹੈ ।

**ਹੋਲੀ ਕੀਨੀ ਸੰਤ ਸੇਵ ॥ ਰੰਗੁ ਲਾਗਾ ਅਤਿ ਲਾਲ ਦੇਵ ॥੨॥**

**ਬਸੰਤੁ (ਮਃ ੫) – ਅੰਗ ੧੧੮੦**

**ਮਨੁ ਤਨੁ ਮਉਲਿਓ ਅਤਿ ਅਨੂਪ ॥ ਸੂਕੈ ਨਾਹੀ ਛਾਵ ਧੂਪ ॥**

**ਬਸੰਤੁ (ਮਃ ੫) – ਅੰਗ ੧੧੮੦**

ਹੋਲੀ ਦਾ ਸੰਬੰਧ ਸਭ ਨੇ ਰੁੱਤ ਦੀ ਨਿਖਰਦੀ ਲਾਲੀ ਨਾਲ ਮੰਨਿਆ ਹੈ । ਇਹ ਹੀ ਕਾਰਨ ਹੈ ਕਿ ਵਾਤਾਵਰਨ ਹੋਰ ਸੁਖਾਵਾਂ ਬਣਾਉਣ ਲਈ ਲਾਲ, ਗੁਲਾਲ ਰੰਗ ਮਲਿਆ ਤੇ ਸੁਟਿਆ ਜਾਂਦਾ ਹੈ ।

ਵਰਨ ਆਸ਼ਰਮ ਦੀ ਵੰਡ ਵਾਲਿਆਂ ਨੇ ਹੋਲੀ ਨੂੰ ਸ਼ੂਦਰ ਲਈ ਨਿਯਤ ਕੀਤਾ ਹੈ । ਉਸ ਦਿਨ ਗੰਦ, ਕੂੜਾ ਕਰਕਟ ਬਾਹਰ ਕੱਢ ਸਾੜਨ ਦੀ ਰੀਤੀ ਹੈ । ਅਖੌਤੀ ਨੀਵੀਂ ਜਾਤ ਵਾਲੇ ਬਹੁਤ ਹੀ ਖ਼ੁਸ਼ੀ ਮਨਾਉਂਦੇ ਹਨ। ਇੱਕ ਤਾਂ ਇਸ ਕਾਰਨ ਕਿ ਖੁਲ੍ਹੀ ਰੁੱਤ ਆਈ ਹੈ ਤੇ ਉਹਨਾਂ ਦਾ ਆਰਥਕ ਸੰਕਟ ਕੁਝ ਘਟਿਆ ਹੈ, ਦੂਜੇ ਇਕੱਠੇ ਨਾ ਬੈਠਣ ਦੇਣ ਵਾਲਿਆਂ ਨੂੰ ਪਲ ਕੁ ਸਮਾਂ ਸਾਲ ਬਾਅਦ ਖ਼ੁਸ਼ੀ ਮਨਾਉਣ ਦਾ ਮਿਲਿਆ ਹੈ । ਤੀਸਰੇ ਆਉਣ ਵਾਲੇ ਮਹੀਨੇ ਸੌਖੇ ਖੁਲ੍ਹੇ ਲੰਘਣ ਦੀ ਸੰਭਾਵਨਾ ਹੈ ।

ਮਿਥਿਹਾਸਕ ਘਟਨਾ ਦੀ ਵਾਰਤਾ ਤਾਂ ਜਗਤ ਪ੍ਰਸਿੱਧ ਹੈ। ਹੋਲੀ ਦਾ ਸੰਬੰਧ ਹੋਲਿਕਾ ਨਾਲ ਮਿਥਿਆ ਗਿਆ ਹੈ। ਜਦ ਹੋਲਿਕਾ ਪ੍ਰਹਿਲਾਦ ਨੂੰ ਅਗਨੀ ਵਿਚ ਸਾੜਨ ਦੀ ਬਜਾਏ ਆਪ ਅੱਗ ਵਿਚ ਸੜ ਮੋਈ ਤਾਂ ਲੋਕਾਂ ਨੇ ਹੋਲਿਕਾ ਦਹਨ ਦਾ ਦਿਨ ਉਤਸ਼ਾਹ ਨਾਲ ਪ੍ਰਹਿਲਾਦ ਦੀ ਜਿੱਤ ਦੀ ਖ਼ੁਸ਼ੀ ਵਿਚ ਮਨਾਇਆ। ਉਸ ਦਿਨ ਸੱਚ ਨੂੰ ਭੱਠੀ ਪਾਇਆ ਗਿਆ ਸੀ ਪਰ ਉਹ ਸੋਨੇ ਵਾਂਗ ਹੋਰ ਚਮਕ ਕੇ ਨਿਕਲਿਆ। ਉਸ ਦਿਨ ਅੱਗ ਨੇ ਆਪਣਾ ਸੁਭਾਅ ਬਦਲਾਇਆ ਸੀ । ਕੁਦਰਤੀ ਨਿਯਮ ਟੁੱਟੇ ਸਨ ਪਰ ਸੱਚ ਦੀ ਜੈ ਹੋਈ ਸੀ । ਹਰਨਾਖਸ਼ 'ਨਖਹ ਬਦਾਰਿਆ' ਸੀ ਅਤੇ ਲਿਤਾੜੇ ਜਾ ਰਹੇ ਲੋਕਾਂ ਉੱਤੇ ਹਰੀ ਦੇ ਸਰਬ ਸ਼ਕਤੀਮਾਨ ਹੋਣ ਦਾ ਪਰਗਟਾਵਾ ਹੋਇਆ ਸੀ ।

ਭਗਤ ਨਾਮ ਦੇਵ ਜੀ ਨੇ ਇਸ ਸਾਰੀ ਘਟਨਾ ਦਾ ਜ਼ਿਕਰ ਬੜੇ ਰੌਚਕ ਢੰਗ ਨਾਲ ਕੀਤਾ ਹੈ । ਪ੍ਰਹਿਲਾਦ ਦੇ ਦੋਵੇਂ ਉਸਤਾਦ ਸੰਡ ਅਤੇ ਅਮਰਕ ਨੇ ਹਰਨਾਕਸ਼ ਕੋਲ ਜਾ ਕੇ ਸ਼ਕਾਇਤ ਕੀਤੀ : 'ਅਸੀਂ ਖੱਪ ਲਥੇ ਹਾਂ, ਤੰਗ ਆ ਗਏ ਹਾਂ । ਪ੍ਰਹਿਲਾਦ ਨੂੰ ਜੋ ਅਸੀਂ ਪੜਾਉਂਦੇ ਹਾਂ ਉਹ ਨਹੀਂ ਪੜ੍ਹਦਾ, ਸਗੋਂ ਉਲਟ ਹੱਥਾਂ ਨਾਲ ਤਾਲ ਵਜਾ ਕੇ ਰਾਮ ਨਾਮ ਗਾਉਂਦਾ ਹੈ । ਉਸ ਦੀ ਦੇਖਾ ਦੇਖੀ ਸਾਰੇ ਵਿਦਿਆਰਥੀ ਵੀ 'ਰਾਮ ਰਾਮ' ਹੀ ਬੋਲਦੇ ਹਨ । ਸਾਰੇ ਵਿਦਿਆਰਥੀ ਉਸ ਨੇ ਵਿਗਾੜ ਦਿੱਤੇ ਹਨ ।

**ਸੰਡਾ ਮਰਕਾ ਜਾਇ ਪੁਕਾਰੇ ॥ ਪੜੈ ਨਹੀ ਹਮ ਹੀ ਪਚਿ ਹਾਰੇ ॥**
**ਰਾਮੁ ਕਹੈ ਕਰ ਤਾਲ ਬਜਾਵੈ ਚਟੀਆ ਸਭੈ ਬਿਗਾਰੇ ॥੧॥**
**ਭੈਰਉ (ਭ. ਨਾਮਦੇਵ) – ਅੰਗ ੧੧੬੫**

ਜਦ ਇਸ ਗੱਲ ਦਾ ਪ੍ਰਹਿਲਾਦ ਦੀ ਮਾਤਾ ਨੂੰ ਪਤਾ ਲੱਗਾ ਤਾਂ ਉਹ ਪ੍ਰਹਿਲਾਦ ਅਗੇ ਤਰਲੇ ਕੱਢਣ ਲੱਗੀ ਅਤੇ ਸਮਝਾਉਣ ਲੱਗੀ : 'ਬੱਚੇ ਤੇਰੇ ਪਿਤਾ ਹਰਨਾਖਸ਼ ਰਾਜੇ ਨੇ ਸਾਰੀ ਧਰਤੀ ਆਪਣੇ ਵਸ ਕੀਤੀ ਹੋਈ ਹੈ । ਉਸ ਦਾ ਹੁਕਮ ਨਾ ਮੋੜ, ਉਸ ਦੀ ਜੈ ਬੋਲ' ਪਰ ਪੁੱਤਰ ਪ੍ਰਹਿਲਾਦ ਨੇ ਮਾਂ ਦਾ ਆਖਿਆ ਨਾ ਮੰਨਿਆ ਸਗੋਂ ਮਾਂ ਨੂੰ ਹੋਰ ਗੱਲਾਂ ਕਰ ਕੇ ਸਮਝਾਉਣ ਲੱਗਾ । ਮਾਂ ਵੀ ਸਮਝ ਗਈ ਕਿ ਪ੍ਰਹਿਲਾਦ ਨੇ ਕੋਈ ਹੋਰ ਗੱਲ ਮਨ ਵਿਚ ਪੱਕੀ ਕਰ ਲਈ ਹੈ :-

**ਬਸੁਧਾ ਬਸਿ ਕੀਨੀ ਸਭ ਰਾਜੇ ਬਿਨਤੀ ਕਰੈ ਪਟਰਾਨੀ ॥**
**ਪੂਤੁ ਪ੍ਰਹਿਲਾਦੁ ਕਹਿਆ ਨਹੀ ਮਾਨੈ ਤਿਨਿ ਤਉ ਅਉਰੈ ਠਾਨੀ ॥੨॥-**
**ਭੈਰਉ (ਭ. ਨਾਮਦੇਵ) – ਅੰਗ ੧੧੬੫**

ਜਦ ਇਸ ਤਰ੍ਹਾਂ ਮਾਂ ਦੇ ਤਰਲਿਆਂ, ਤਸੱਲੀਆਂ ਅਤੇ ਸਮਝਾਉਣ ਨਾਲ ਪ੍ਰਹਿਲਾਦ ਆਪਣੇ ਆਦਰਸ਼ ਤੋਂ ਨਾ ਡਿੱਗਾ ਤਾਂ ਦੁਸ਼ਟਾਂ ਦੀ ਜੁੰਡਲੀ ਨੇ ਰਲ ਕੇ ਸਲਾਹ ਕਰ ਲਈ-ਪ੍ਰਹਿਲਾਦ ਨਹੀਂ ਮੰਨਦਾ ਤਾਂ ਉਸ ਨੂੰ ਮਾਰ ਮੁਕਾਉਣਾ ਚਾਹੀਦਾ ਹੈ, ਪਰ ਜਦ ਉਸ ਨੂੰ ਮਾਰਨ ਲੱਗੇ ਤਾਂ ਦੁਨੀਆਂ ਦੇ ਮਾਲਕ ਪ੍ਰਭੂ ਨੇ ਆਪਣੀ ਮਾਇਆ ਦਾ ਸੁਭਾਉ ਹੀ ਬਦਲਾ ਦਿੱਤਾ। ਦੁਸ਼ਟਾਂ ਨੇ ਪਹਾੜ ਤੋਂ ਗਿਰਾਇਆ, ਪਹਾੜ ਨੇ ਮਾਂ ਦੀ ਗੋਦ ਵਾਂਗ ਵੱਡਾ ਜਿਗਰਾ ਕਰ ਕੇ ਪਿਆਰ ਪੰਘੂੜੇ ਵਿਚ ਹੂਟਾ ਦੇ ਦਿੱਤਾ। ਫਿਰ ਦੁਰਾਚਾਰੀਆਂ ਨੇ ਰੁੱਖ ਤੋਂ ਸੁੱਟਿਆ, ਦਰੱਖ਼ਤ ਨੇ ਪਿਆਰ ਰੂਪ ਹੋ 'ਰੁੱਖਾਂ ਦੀ ਜੀਰਾਂਦ' ਦਿਖਾਈ ਤੇ ਸਹਿਜ ਹੀ ਭੁੰਜੇ ਟਿਕਾ ਦਿੱਤਾ : ਪਾਣੀ ਵਿਚ ਬੰਨ੍ਹ ਫੇਰ ਮਰੀਚਾਂ ਨੇ ਡੋਬਣਾ ਚਾਹਿਆ ਪਰ ਪਾਣੀ ਨੇ ਪਾਰ ਕਿਨਾਰੇ ਜਾ ਲਗਾਇਆ । ਅੱਗ ਦੇ ਭੱਖਦੇ ਅੰਗਾਰੇ ਪ੍ਰਹਿਲਾਦ ਲਈ ਖਿੜੇ ਹੋਏ ਲਾਲ ਗੁਲਾਬ ਦੇ ਫੁੱਲ ਹੋ ਗਏ । ਪਰਮਾਤਮਾ ਨੇ ਪ੍ਰਹਿਲਾਦ ਦਾ ਸਭ ਡਰ ਦੂਰ ਕਰ ਦਿੱਤਾ । ਇਹਨਾਂ ਸਭ ਵਸਤੂਆਂ ਦਾ ਮਾਰਨ, ਗਿਰਾਨ, ਸਾੜਨ ਤੇ ਡੋਬਣ ਵਾਲਾ ਸੁਭਾਅ ਪਰਮਾਤਮਾ ਨੇ ਬਦਲਾ ਦਿੱਤਾ :

**ਦੁਸਟ ਸਭਾ ਮਿਲਿ ਮੰਤਰ ਉਪਾਇਆ ਕਰਸਹ ਅਉਧ ਘਨੇਰੀ ॥**
**ਗਿਰਿ ਤਰ ਜਲ ਜੁਆਲਾ ਭੈ ਰਾਖਿਓ ਰਾਜਾ ਰਾਮਿ ਮਾਇਆ ਫੇਰੀ ॥੩॥-**
**ਭੈਰਉ (ਭ. ਨਾਮਦੇਵ) – ਅੰਗ ੧੧੬੫**

ਜਦ ਮਾਇਆ ਦਾ ਸੁਭਾਅ ਹਰਨਾਖ਼ਸ਼ ਨੇ ਬਦਲਦਾ ਡਿੱਠਾ ਤਾਂ ਹਰਨਾਖ਼ਸ਼ ਅੰਦਰੋਂ ਭੈ-ਭੀਤ ਹੋ ਗਿਆ। ਅੰਦਰੋਂ ਡਰਿਆ ਪਰ ਬਾਹਰੋਂ ਕ੍ਰੋਧਵਾਨ ਹੋ ਕੇ ਮੌਤ ਰੂਪੀ ਤਿਖੀ ਤਲਵਾਰ ਕੱਢ ਕੇ, ਪ੍ਰਹਿਲਾਦ ਨੂੰ ਭਖਦੇ ਥੰਮ੍ਹ ਨਾਲ ਬੰਨ੍ਹ ਕੇ, ਉਸ ਉੱਤੇ ਚੜ ਆਇਆ ਤੇ ਕਹਿਣ ਲੱਗਾ : 'ਦਸ ਉਇ ਤੇਰਾ ਰਾਮ ਕਿਥੇ ਹੈ ?'

**ਕਾਢਿ ਖੜਗੁ ਕਾਲੁ ਭੈ ਕੋਪਿਓ ਮੋਹਿ ਬਤਾਉ ਜੁ ਤੁਹਿ ਰਾਖੈ ॥**
**ਪੀਤ ਪੀਤਾਂਬਰ ਤ੍ਰਿਭਵਣ ਧਣੀ ਥੰਭ ਮਾਹਿ ਹਰਿ ਭਾਖੈ ॥੪॥**
**ਭੈਰਉ (ਭ. ਨਾਮਦੇਵ) - ਅੰਗ ੧੧੬੫**

ਅਤੇ ਜਿਸ ਰਾਮ ਨੇ ਮਾਇਆ ਫੇਰੀ ਸੀ, ਉਹ ਹੀ ਥੰਮ ਵਿਚੋਂ ਬੋਲ ਉਠਿਆ ਤੇ ਹਰਨਾਖ਼ਸ਼ ਨੂੰ ਨਹੁੰਆਂ ਨਾਲ ਚੀਰ ਦਿੱਤਾ। ਦੇਵਤਿਆਂ ਤੇ ਮਨੁੱਖਾਂ ਨੂੰ ਰਾਖ਼ਸ਼ਾਂ, ਦੁਸ਼ਟਾਂ ਕੋਲੋਂ ਨਜਾਤ ਮਿਲੀ, ਢਾਰਸ ਆਈ ਤੇ ਹਰ ਕੋਈ ਨਿਰਭੈ ਹੋ ਵਿਚਰਨ ਲੱਗਾ । ਉਹ ਅਭੈ ਪਦ ਮਨੁੱਖਾਂ ਨੂੰ ਮਿਲਿਆ ਜਿਸ ਦੀ ਲੋੜ ਸੀ :-

**ਹਰਨਾਖਸੁ ਜਿਨਿ ਨਖਹ ਬਿਦਾਰਿਓ ਸੁਰਿ ਨਰ ਕੀਏ ਸਨਾਥਾ ॥**

**ਕਹਿ ਨਾਮਦੇਉ ਹਮ ਨਰਹਰਿ ਧਿਆਵਹ ਰਾਮੁ ਅਭੈ ਪਦ ਦਾਤਾ ॥੫॥੩॥੯॥**
**- ਭੈਰਉ (ਭ. ਨਾਮਦੇਵ) - ਅੰਗ ੧੧੬੫**

ਹੋਲੀ ਦਾ ਪੈਗਾਮ ਸੀ ਕਿ ਸੱਚ ਭਾਵੇਂ ਦੇਖਣ ਨੂੰ ਪ੍ਰਹਿਲਾਦ ਵਾਂਗੂੰ ਨਿਮਾਣਾ, ਨਿਤਾਣਾ ਤੇ ਕੋਮਲ ਹੈ ਤੇ ਕੁਸੱਤ ਹਰਨਾਖਸ਼ ਵਰਗਾ ਡਾਢਾ, ਸਖ਼ਤ, ਦੁਸ਼ਟ ਤੇ ਬਲਵਾਨ ਦਿਸਦਾ ਹੈ ਪਰ ਸਦਾ ਸੱਚ ਹੀ ਜਿੱਤਦਾ ਹੈ । ਸੱਚ ਨੂੰ ਕੋਈ ਸਾੜ ਨਹੀਂ ਸਕਦਾ, ਤੋੜ ਨਹੀਂ ਸਕਦਾ, ਡੋਬ ਨਹੀਂ ਸਕਦਾ, ਮੁਕਾ ਨਹੀਂ ਸਕਦਾ । ਭਾਵੇਂ ਵਿਦਵਾਨ ਵੀ ਲੱਗ ਜਾਣ, ਸੱਚ ਦੇ ਧਨੀ ਨੂੰ ਵਰਗਲਾਇਆ ਨਹੀਂ ਜਾ ਸਕਦਾ । ਆਪਣਾ ਘਰ ਤੇ ਸੱਕੀ ਮਾਂ ਵੀ ਓਝੜੇ ਪਾਣ ਦੀ ਕੋਸ਼ਿਸ਼ ਕਰੇ ਤਾਂ ਵੀ ਨਿਸਫਲ ਹੁੰਦੀ ਹੈ । ਸੱਚ ਵਾਲਾ ਮਾਂ, ਪੁੱਤਰ, ਧੀ ਬਾਪ ਤੋਂ ਉਚਾ ਹੋ ਰਹਿੰਦਾ ਹੈ ਤੇ ਸੋਚਦਾ ਹੈ । ਸਿਰਫ਼ ਇੱਕ ਲੋੜ ਹੈ, 'ਨਿਰਭੈ' ਹੋਣ ਦੀ, ਅਭੈ ਪਦ ਪ੍ਰਾਪਤ ਕਰਨ ਦੀ । ਮਨੁੱਖਾਂ ਨੂੰ ਇਹ ਢਾਰਸ ਹੋਣੀ ਚਾਹੀਦੀ ਹੈ ਕਿ ਜਗਤ ਦਾ ਮਾਲਕ ਹਰਨਾਖਸ਼ ਵਰਗੇ ਜਰਵਾਣਿਆਂ ਨੂੰ ਜਿਨ੍ਹਾਂ ਹੱਥ ਮੌਤ ਰੂਪੀ ਖ਼ਤਰਾ ਹੈ, 'ਨ੍ਹਹਾਂ' ਨਾਲ ਹੀ ਖ਼ਤਮ ਕਰ ਸਕਦਾ ਹੈ । ਇਹ ਚੜ੍ਹਦੀ ਕਲਾ ਦਾ ਪੈਗਾਮ ਸੀ ਜੋ ਨਾਮਦੇਵ ਜੀ ਨੇ ਆਪਣੇ ਲਤਾੜੇ ਭਰਾਵਾਂ ਨੂੰ ਮਿਥਿਹਾਸਕ ਹਵਾਲੇ ਨਾਲ ਦਿੱਤਾ ਸੀ । ਸਦੀਆਂ ਤੋਂ ਲਤਾੜੇ ਜਾ ਰਹੇ ਸਮਾਜ ਲਈ ਇਹ ਇੱਕ ਵੰਗਾਰ ਸੀ । ਬ੍ਰਹਿਮਣ ਇਹ ਸਮਝ ਗਿਆ ਸੀ ਕਿ ਜੋ ਹੋਲੀ ਦੀ ਡੂੰਘੀ ਰਮਜ਼ ਇਹ ਸ਼ੂਦਰ ਸਮਝ ਗਿਆ ਤਾਂ ਉਸ ਦਾ ਜੂਲਾ ਵਗਾਹ ਸੁੱਟੇਗਾ । ਸੋ ਉਸ ਬ੍ਰਹਿਮਣ ਨੇ ਓਪਰੇ ਦੂਜੇ ਪਾਸੇ ਲਗਾ ਕੇ ਗੰਦ ਸੁੱਟਣ, ਗੰਦ ਬੋਲਣ, ਖਰੂਦ ਮਚਾਉਣ ਤੇ ਰੰਗ ਰਲੀਆਂ ਮਨਾਉਣ ਤੱਕ ਹੀ ਸੀਮਤ ਕਰਾ ਕੇ ਉਸ ਨੂੰ ਆਪਾ ਪਛਾਨਣ ਤੋਂ ਵਾਂਝਾ ਹੀ ਕਰ ਰਖਿਆ । ਜਿਸ ਹੋਲੀ ਨੇ ਸੱਚ ਦਾ ਝੰਡਾ ਉਠਾਣ ਲਈ ਪ੍ਰਹਿਲਾਦ ਕੋਲੋਂ ਪ੍ਰੇਰਨਾ ਲੈ ਹਰਨਾਖਸ਼ ਵਿਰੁੱਧ ਡੱਟਣਾ ਸੀ, ਉਸ ਹੋਲੀ ਨੂੰ ਰੰਗ ਤਮਾਸ਼ਿਆਂ ਦਾ ਤਿਉਹਾਰ ਹੀ ਬਣਾ ਦਿੱਤਾ ਗਿਆ । ਇਸੇ ਲਈ ਪ੍ਰਸਿੱਧ ਹੋਈਆਂ ਕਈ ਹੋਲੀਆਂ : ਨਵਾਬਾਂ ਦੀ ਹੋਲੀ । ਬ੍ਰਜ ਦੀ ਹੋਲੀ । ਬ੍ਰਿੰਦਾਬਨ ਵਿਚ ਡ਼ਫ਼ਾਂ ਵਜਾ ਕੇ ਮਨਾਈ ਜਾਂਦੀ ਹੋਲੀ । ਲੱਠਾਂ ਚਲਾ ਕੇ ਮਨਾਈ ਜਾਂਦੀ ਰਾਜਪੂਤੀ ਹੋਲੀ । ਰਾਜਸਥਾਨ ਵਿਚ ਸਵਾਂਗ-ਸਵਾਰੀਆਂ ਕਢ ਕੇ ਮਨਾਈ ਜਾਂਦੀ ਹੋਲੀ । ਮਟਕੀ ਚੁਕੀ ਜਾਂਦੇ ਮਰਦ ਤੇ ਮਗਰ ਟੁਰਦੀਆਂ ਔਰਤਾਂ ਹੱਥ ਛਮਕਾਂ ਮਰਦਾਂ ਨੂੰ ਮਾਰਦੀ ਹੋਲੀ । ਛੇੜ-

ਛਾੜ ਦੀ ਖੁਲ੍ਹ ਵਾਲੀ ਹੋਲੀ । ਰਾਹ ਜਾਂਦੇ ਤੇ ਰੰਗ ਪਾਂਦੀ ਹੋਲੀ । ਸਭ ਦੀ ਖਿਲੀ ਉਡਾਂਦੀ ਹੋਲੀ । ਹੋਲੀ ਦੇ ਇਹ ਸਭ ਰੂਪ ਐਸ਼ਾਂ ਮੌਜਾਂ ਤੇ ਨੀਵੀਆਂ ਮਾੜੀਆਂ ਰੁਚੀਆਂ ਦੇ ਹੀ ਪ੍ਰਤੀਕ ਹਨ ।

ਗੁਰੂ ਗੋਬਿੰਦ ਸਿੰਘ, ਸੋਹਣੇ ਪਾਤਸ਼ਾਹ, ਦੀਨ ਦੁਨੀ ਦੇ ਮਾਲਕ, ਜਗਤ ਦੇ ਮਾਲਕ (ਗੋਬਿੰਦ) ਨੇ ਹੋਲੀ ਦਾ ਸੁਭਾ ਬਦਲਾ ਕੇ ਹੋਲਾ ਬਣਾਇਆ । ਜਿਵੇਂ ਸੋਹਣੇ ਰਾਮ ਨੇ ਮਾਇਆ ਦਾ ਸੁਭਾ ਬਦਲਾਇਆ ਸੀ ਉਵੇਂ ਸੱਚੇ ਪਾਤਸ਼ਾਹ ਨੇ ਹੋਲੀ ਦੀ ਥਾਂ ਮਹੱਲੇ ਕੱਢੇ, ਫਿਰ ਮਹੱਲੇ ਚਾੜ੍ਹੇ ਗਏ ਤੇ ਪਿਛੋਂ ਆਪਣੇ ਆਪ ਮਹੱਲੇ ਨਿਕਲੇ । ਗੁਰੂ ਗੋਬਿੰਦ ਸਿੰਘ ਜੀ ਨੇ ਸੰਸਾਰ ਉੱਤੇ ਆਉਣ ਦਾ ਮੁਖ ਮੰਤਵ ਹੀ ਇਹ ਦੱਸਿਆ ਹੈ:-

**ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ ॥**
**ਧਰਮ ਚਲਾਵਨ ਸੰਤ ਉਬਾਰਨ ॥ ਦੁਸਟ ਸਭਨ ਕੋ ਮੂਲ ਉਪਾਰਿਨ ॥੪੩॥**

ਉਹਨਾਂ ਨੇ 'ਸਾਧ ਸਮੂਹ ਪ੍ਰਸੰਨ ਫਿਰੈ ਜਗ ਸਤ੍ਰ ਸਭੈ ਅਵਲੋਕ ਚਪੈਂਗੇ' ਸਿੱਖਾਂ ਦਾ ਨਿੱਤ ਦਾ ਨੇਮ ਬਣਾਇਆ । ਹੋਲਾ ਬਣਿਆ ਗੁਲਾਬ ਦੀ ਥਾਂ ਖਰੂਦ ਮਚਾਉਣ ਦੀ ਥਾਂ ਖੂਨ ਨਾਲ ਹੱਸ ਹੋਲੀ ਖੇਡਣ ਲਈ ਪ੍ਰੇਰਨਾ ਸਰੋਤ

**ਖਗ ਖੰਡ ਬਿਹੰਡੰ ਖਲਦਲ ਖੰਡੰ ਅਤਿ ਰਣ ਮੰਡੰ ਬਰਬੰਡੰ ॥**
**ਭੁਜ ਦੰਡ ਅਖੰਡੰ ਤੇਜ ਪ੍ਰਚੰਡੰ ਜੋਤਿ ਅਮੰਡੰ ਭਾਨੁ ਪ੍ਰਭੰ ॥**
**ਸੁਖ ਸੰਤਾ ਕਰਣੰ ਦੁਰਮਤਿ ਦਰਣੰ ਕਿਲਬਿਖ ਹਰਣੰ ਅਸਿ ਸਰਣੰ ॥**
**ਜੈ ਜੈ ਜਗ ਕਾਰਣ ਸ੍ਰਿਸਟਿ ਉਬਾਰਣ ਮਮ ਪ੍ਰਤਿਪਾਰਣ ਜੈ ਤੇਗੰ ॥੨॥ -**
**ਬਚਿਤ੍ਰ ਨਾਟਕ ਅ. ੧**

ਦਾ ਕੌਮੀ ਤਰਾਨਾ ਗਾਉਣ ਦਾ ਹੁਕਮ ਦਿੱਤਾ । ਧਰਮ ਧੁਜਾ ਝੁਲਾਉਣ ਲਈ ਖੂਨ ਦੀ ਹੋਲੀ ਖੇਡਣੀ ਜ਼ਰੂਰੀ ਪਹਿਲਾ ਕਰਮ ਹੋ ਜਾਂਦਾ ਹੈ । ਜਿਵੇਂ ਉੱਤਰ ਦੇ ਪ੍ਰਾਂਤਾਂ ਵਿੱਚ ਕੂੜਾ ਕੱਢ ਸਾੜਿਆ ਜਾਂਦਾ ਹੈ ਤਿਵੇਂ ਹੀ ਪੰਜੇ ਕਾਮਾਦਿਕ ਕਾਇਰਤਾ ਨੂੰ ਸਾੜ ਕੇ ਹੀ ਲਾਲੀ ਲਿਆਂਦੀ ਜਾ ਸਕੇਗੀ । ਈਰਖਾ ਚੁਗਲੀ, ਬਖ਼ੀਲੀ, ਕੀਨਾ, ਸਵਾਰਥ ਤਜ ਹੀ ਮਹੱਲਾ ਹੋਲ ਗੜ੍ਹ ਤੋਂ ਫ਼ਤਹ ਗੜ੍ਹ ਵੱਲ ਚਾੜਿਆ ਜਾ ਸਕੇਗਾ ।

ਗੁਰੂ ਗੋਬਿੰਦ ਸਿੰਘ ਜੀ ਜਦ ਵੀ ਹੋਲੀ ਦਾ ਜ਼ਿਕਰ ਕਰਦੇ ਯੁੱਧ ਦਾ ਸਮਾਂ ਬਣਾ ਦੇਂਦੇ । ਫਿਰ ਉਨ੍ਹਾਂ ਨੇ ਯੁੱਧ ਨੂੰ ਇਤਨਾ ਸੁਭਾਵਿਕ ਤੇ ਕੋਮਲ ਬਣਾ ਦਿੱਤਾ ਕਿ ਕੋਈ ਡਰ ਤੇ ਘਬਰਾ ਨ ਉੱਠੇ ।

ਕ੍ਰਿਸ਼ਨਾਵਤਾਰ ਦੇ ਇੱਕ ਛੰਦ ਵਿੱਚ ਕਿਸ ਸਹਜ ਨਾਲ ਜੰਗ ਤੇ ਹੋਲੀ ਦਾ ਰੰਗ ਚਾੜ੍ਹਿਆ ਹੈ, ਉਹ ਪੜ੍ਹਣ ਨਾਲ ਹੀ ਸੰਬੰਧ ਰਖਦਾ ਹੈ । ਆਪ ਜੀ ਲਿਖਦੇ ਹਨ :

**ਜੋ ਤੀਰ ਚਲੇ ਉਸ ਨੂੰ ਕੇਸਰ ਛਿੜਕਿਆ ਜਾਣੋ ।**

**ਜੋ ਬਰਛੀ ਉੱਠੀ ਉਸ ਨੂੰ ਮੁੱਠਾਂ ਨਾਲ ਗੁਲਾਲ ਬਿਖੇਰਨਾ ਤਕੋ ।**

**ਢਾਲਾਂ ਜਦ ਅੱਗੇ ਹੋਈਆਂ ਤਾਂ ਇੰਝ ਜਾਣੋ ਕਿ ਡਫਾਂ ਦੀ ਮਾਲ ਬਣ ਗਈ ।**

**ਜੋ ਬੰਦੂਕਾਂ ਤੇ ਕਾਰਬੀਨਾਂ ਚਲ ਰਹੀਆਂ ਹਨ,**
**ਉਨ੍ਹਾਂ ਨੂੰ ਪਿਚਕਾਰੀ ਵਿੱਚ ਰੰਗ ਪਾ ਸੁਟਿਆ ਦੇਖੋ ।**

ਸੂਰਮਿਆਂ ਦੇ ਵਸਤਰ ਜੋ ਖ਼ੂਨ ਨਾਲ ਲਿਬੜੇ ਹਨ, ਉਹ ਇਵੇਂ ਸਮਝੋ ਕਿ ਕੇਸਰ ਘੋਲ ਕੇ ਸੂਰਮਿਆਂ ਦੀਆਂ ਪੋਸ਼ਾਕਾਂ ਤੇ ਪਾਇਆ ਹੈ।

ਕਿਹਾ ਨਜ਼ਾਰਾ ਬਣਿਆ ਹੈ ਕਿ ਪਤਾ ਹੀ ਨਹੀਂ ਲਗਦਾ ਕਿ ਤਲਵਾਰਾਂ ਤੇ ਕਟਾਰਾਂ ਚੁਕੀ ਸੂਰਮੇ ਲੜ ਰਹੇ ਹਨ ਜਾਂ ਇੱਕ ਦੂਜੇ ਤੇ ਤੋੜ- ਤੋੜ ਨਰਮ - ਨਰਮ ਖਿੜੇ ਹੋਏ ਫੁੱਲ ਸੁੱਟ ਰਹੇ ਹਨ ।

**ਬਾਨ ਚਲੇ ਤੇਈ ਕੁੰਕਮ ਮਾਨਹੁ ਮੂਠ ਗੁਲਾਲ ਕੀ ਸਾਂਗ ਪ੍ਰਹਾਰੀ ॥**
**ਢਾਲ ਮਨੋ ਡਫ ਮਾਲ ਬਨੀ ਹਥ ਨਾਲ ਬੰਦੂਕ ਛੁਟੇ ਪਿਚਕਾਰੀ ॥**
**ਸ੍ਰਉਨ ਭਰੇ ਪਟ ਬੀਰਨ ਕੇ ਉਪਮਾ ਜਨੁ ਘੋਰ ਕੈ ਕੇਸਰ ਡਾਰੀ ॥**
**ਖੇਲਤ ਫਾਗੁ ਕਿ ਬੀਰ ਲਰੈ ਨਵਲਾਸੀ ਲੀਏ ਕਰਵਾਰ ਕਟਾਰੀ ॥੧੩੯੫॥**
**- ੨੪ ਅਵਤਾਰ ਕ੍ਰਿਸਨ**

ਗੁਰੂ ਗੋਬਿੰਦ ਸਿੰਘ ਜੀ ਨੇ ੧੧ ਨਵੰਬਰ, ੧੬੭੫ ਈ: (ਗੁਰੂ ਤੇ.ਗ ਬਹਾਦਰ ਜੀ ਦੀ ਸ਼ਹਾਦਤ) ਨੂੰ ਹੀ ਦੇਖ ਲਿਆ ਸੀ ਕਿ ਅਜੇ ਸਿੱਖਾਂ ਵਿੱਚ ਅਭੈ-ਪਦ ਦਾ ਸਿੱਖਰ ਨਹੀਂ ਆਇਆ । ਗੁਰੂ ਇਸ਼ਟ ਦਾ ਸੀਸ ਤੇ ਧੜ ਰੁਲਦਾ ਦੇਖ ਮਨ ਦਰ੍ਰਵੇ ਤਾਂ ਜ਼ਰੂਰ ਸਨ ਪਰ ਨਿੱਤਰੇ ਵਿਰਲੇ ਸਨ । ਸੋ ਉਹਨਾਂ ਉਸ ਸਮੇਂ ਤੋਂ ਹੀ ਐਸ਼ਧੀ ਦੀ ਭਾਲ ਅਰੰਭ ਕਰ ਦਿੱਤੀ ਸੀ । ਗੁਰੂ ਜੀ ਇਸ ਸੋਚ ਵਿੱਚ ਹੀ ਲੱਗੇ ਸਨ ਕਿ ਕਿਹੜੀ ਕਮਜ਼ੋਰੀ ਹੈ ਜਿਸ ਨੇ ਸਿੱਖ ਨੂੰ ਪਕੜਿਆ ਹੋਇਆ ਹੈ । ਆਗੂ ਗੁਰੂ ਦਾ ਪਹਿਲਾ ਕੰਮ ਹੀ ਇਹ ਹੈ ਕਿ ਕਮਜ਼ੋਰੀ ਲੱਭੇ ਤੇ ਕਮਜ਼ੋਰੀ ਪਰਗਟਾ ਉਸ ਨੂੰ ਦੂਰ ਕਰੇ । 'ਗੁਰੁ ਦਿਖਲਾਈ ਮੋਰੀ । ਜਿਤ ਮਿਰਗ ਪੜਤ ਹੈ ਚੋਰੀ', ਗੁਰਬਾਣੀ ਦਾ ਫ਼ਰਮਾਨ ਹੈ । ਹੋਲਾ ਮਹੱਲਾ ਦਾ ਅਰਥ ਵੀ ਇਹ ਹੈ । ਹੋਲਾ ਦਾ ਅਰਥ ਹੈ ਹਮਲਾ ਤੇ ਮਹੱਲਾ ਦਾ ਜਾਇ-ਹਮਲਾ । ਇਹ ਪਤਾ ਲਗਾ ਲੈਣਾ ਕਿ ਕਿੱਥੇ ਹਮਲਾ ਕੀਤਿਆਂ ਵੈਰੀ ਭੱਜ ਜਾਏਗਾ । ਕਿਸ ਥਾਂ ਹਮਲਾ ਕੀਤਿਆਂ ਭਰਮ ਗੜ੍ਹ ਟੁੱਟ ਜਾਏਗਾ, ਭੈ ਦਾ ਕਿਲ੍ਹਾ ਗਿਰ ਜਾਏਗਾ । ਇਹ ਪਤਾ ਲਗਾ ਲੈਣਾ ਜਿਸ ਨਾਲ ਕਾਇਰਤਾ ਹਟੇ ਤੇ ਜਵਾਂ ਮਰਦੀ ਆ ਜਾਏ । ਬੁਜ਼ਦਿਲੀ ਹਟੇ ਤੇ ਨਿਰਭੈਤਾ ਥਾਂ ਲਵੇ । ਮਾੜੀ ਅਵੱਸਥਾ ਦੀ ਥਾਂ ਪਾਕੀਜ਼ਗੀ ਲੈ ਲਵੇ । ਇਸ ਮੰਤਵ ਲਈ ਗੁਰੂ ਪਾਤਸ਼ਾਹ ਨੇ ਹੋਲਾ ਮਨਾਉਣ ਦਾ ਤੇ ਮਹੱਲਾ ਚਾੜ੍ਹਨ ਦਾ ਫ਼ੈਸਲਾ ਕੀਤਾ । ਹੋਲਾ ਅਭੈ ਪਦ ਦਾਨ ਦਾ ਹੀ ਸੂਚਕ ਹੈ ।

ਹੋਲਾ ਦਾ ਇੱਕ ਹੋਰ ਅਰਥ, 'ਘੇਰਨਾ', ਚਾਰੇ ਪਾਸੇ ਵਲ ਕੇ, ਘੇਰ ਕੇ ਹਾਹਾਕਾਰ ਪਾ ਕੇ ਵੈਰੀ ਨੂੰ ਮਾਰਨ ਦੀ ਕਿਰਿਆ ਵੀ ਕੀਤਾ ਜਾਂਦਾ ਹੈ । ਗੁਰੂ ਅਰਜਨ ਜੀ ਨੇ ਇਸ ਕਿਰਿਆ ਦਾ ਜ਼ਿਕਰ ਵੀ ਕੀਤਾ ਹੈ । ਇਹਨਾਂ ਕਾਮਾਦਿਕਾਂ ਦਾ ਬੜਾ ਡਾਢਾ ਤੇ ਵੱਡਾ ਕੋੜਮਾ ਹੈ । ਨਾ ਇਹ ਕਿਸੇ ਦੇ ਕਾਬੂ ਵਿਚ ਆਉਂਦੇ ਹਨ ਤੇ ਨਾ ਇਹ ਕਿਸੇ ਪਾਸੋਂ ਡਰ ਕੇ ਭੱਜਦੇ ਹਨ । ਇਹਨਾਂ ਦੀ ਫ਼ੌਜ ਬੜੀ ਮਜ਼ਬੂਤ, ਹੱਠ ਵਾਲੀ ਹੈ । ਸਿਰਫ਼ ਉਸ ਮਨੁੱਖ ਨੇ ਇਹਨਾਂ ਨੂੰ ਚੰਗੀ ਤਰ੍ਹਾਂ ਲਤਾੜਿਆ ਹੈ ਜਿਹੜਾ ਸਾਧ ਸੰਗਤ ਵਿੱਚ ਆ ਇਸ ਨੂੰ ਘੇਰ

(ਝਲੀ ਰੇ) ਲੈਂਦਾ ਹੈ। ਜਿਵੇਂ ਸ਼ੇਰ ਦੇ ਸ਼ਿਕਾਰ ਵੇਲੇ ਉਸ ਨੂੰ ਸਾਰੇ ਘੇਰ ਕੇ ਨਿਸ਼ਾਨੇ ਉੱਤੇ ਲੈ ਆਉਂਦੇ ਹਨ। ਹੋਲਾ ਦਾ ਭਾਵ ਘੇਰ ਕੇ ਵੈਰੀ ਨੂੰ ਮਾਰਨਾ ਹੀ ਹੈ। ਸਿੱਖਾਂ ਨੇ ਕਾਮਾਦਿਕ ਵੈਰੀਆਂ ਨੂੰ ਜਿੱਤਣ ਦਾ ਢੰਗ ਹੋਲਾ ਕੱਢ ਕੇ ਸਿੱਖ ਲਿਆ ਹੈ :

**ਵਡੀ ਕੋਮ ਵਸਿ ਭਾਗਹਿ ਨਾਹੀ ਮੁਹਕਮ ਫਉਜ ਹਠਲੀ ਰੇ ॥ ਕਹੁ ਨਾਨਕ ਤਿਨਿ ਜਨਿ ਨਿਰਦਲਿਆ ਸਾਧਸੰਗਤਿ ਕੈ ਝਲੀ ਰੇ ॥੨॥੩॥੧੩੨॥ – ਆਸਾ (ਮঃ ੫) – ਅੰਗ ੪੦੪**

ਹੋਲਾ ਨੂੰ ਹੂਲ ਦਾ ਵਿਗੜਿਆ ਰੂਪ ਵੀ ਆਖਿਆ ਜਾਂਦਾ ਹੈ। ਹੂਲ ਦਾ ਭਾਵ ਹੈ :'ਤਲਵਾਰ ਦੀ ਨੋਕ'। ਹੋਲੀ ਤੋਂ ਹੋਲਾ ਬਣਾ ਕੇ ਗੁਰੂ ਜੀ ਨੇ ਮੁੱਖ ਆਸ਼ਾ ਦਰਸਾ ਦਿੱਤਾ।'ਤਲਵਾਰ ਦੀ ਨੋਕ ਉੱਤੇ ਖੇਡਣਾ ਹੀ ਸਿੱਖੀ ਹੈ। ਸਿੱਖੀ ਦਾ ਮਾਰਗ 'ਖੰਨਿਓ ਤਿੱਖਾ' ਤੇ ਇਸ ਮਾਰਗ ਦਾ ਅਰੰਭ ਉਥੋਂ ਹੁੰਦਾ ਹੈ ਜਿਥੋਂ ਦੁਨੀਆ ਮੁੱਕਦੀ ਹੈ। 'ਸਿਰ ਧਰ ਤਲੀ' ਅਨੰਦਪੁਰ ਦੀ ਗਲੀ ਵਿੱਚ ਪੁਜਣਾ ਇਸ ਦਾ ਅਰੰਭ ਹੈ। 'ਪਹਿਲਾ ਮਰਨ ਕਬੂਲ ਜੀਵਨ ਕੀ ਛਡਿ ਆਸਿ' ਹੈ ਤੇ ਫਿਰ 'ਹੋ ਸਭਨਾਂ ਦੀ ਰੇਣਕਾ' ਤਾਂ ਫਿਰ ਗੁਰੂ ਪਾਸ ਜਾਣਾ ਹੈ। ਐਸਾ ਮੰਨਣ ਤੇ ਕਰਨ ਵਾਲਾ ਸਿੱਖ ਹੀ ਸਫ਼ਲਤਾ ਨਾਲ ਮਹੱਲਾ ਚੜ੍ਹਾ ਸਕੇਗਾ। ਐਸਾ ਸਿੱਖ ਰਸਤੇ ਵਿੱਚ ਵਗਦੀ ਚਰਨ ਗੰਗਾ ਪਾਰ ਕਰ ਕੇ ਫ਼ਤਹ ਗੜ੍ਹ ਪੁਜ ਕੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਖ਼ੁਸ਼ੀਆਂ ਪ੍ਰਾਪਤ ਕਰ ਲਵੇਗਾ। **ਅਨੰਦਪੁਰ ਵਿਚ ਹੁਣ ਤੱਕ ਹੋਲਾ ਮਹੱਲਾ,ਹੋਲ ਗੜ੍ਹ ਤੋਂ ਚੜ੍ਹ ਚਰਨ ਗੰਗਾ ਪਾਰ ਕਰ ਕੇ ਫ਼ਤਹ ਗੜ੍ਹ ਤੋਂ ਅਗੰਮ ਪੁਰ ਪੁਜਣ ਦੀ ਰੀਤੀ ਨਿਭਾਈ ਜਾ ਰਹੀ ਹੈ। ਇਹ ਵੀ ਚੇਤਾ ਰਹੇ ਕਿ ੧੪ ਗੁਰਦਵਾਰਿਆਂ ਤੋਂ ਨਿਸ਼ਾਨ ਸਾਹਿਬ ਧੌਂਸੇ ਚਰਨ ਗੰਗਾ ਲੰਘ ਅਗੰਮ ਪੁਰ ਪੁਜਦੇ ਹਨ।**

ਗੁਰੂ ਗੋਬਿੰਦ ਸਿੰਘ ਜੀ ਨੇ ਤੱਖ਼ਤ ਉੱਤੇ ਬੈਠਦੇ ਸਾਰ ਹੀ ਇਹ ਵੀਚਾਰ ਦੇ ਦਿੱਤਾ ਸੀ ਕਿ "ਇਹ ਲੱਭਣਾ ਜ਼ਰੂਰੀ ਹੈ ਕਿ ਉਹ ਕਿਹੜੀ ਕਮਜ਼ੋਰੀ ਹੈ ਜਿਸ ਨੇ ਸਾਹਮਣੇ 'ਇੱਜ਼ਤ ਲੁਟੀਂਦੀ' ਦੇਖ ਚੁਪ ਕੱਟੀ ਕੀਤੀ ? ਉਹ ਕਿਹੜੀ ਵਸਤੂ ਹੈ ਜਿਸ ਨੇ ਮਿਥਿਹਾਸਕ ਸ਼ਕਤੀ ਹੀ ਖੋਹ ਲਈ ਹੈ ? ਉਹ ਕਿਹੜੀ ਬੀਮਾਰੀ ਹੈ ਜਿਸ ਨੇ ਇਸ ਹੱਦ ਤੱਕ ਕਮਜ਼ੋਰ ਕਰ ਦਿੱਤਾ ? ਉਹ ਕਿਹੜੀ ਪਵਨ ਹੈ ਜਿਸ ਨੇ ਹਰੇ ਭਰੇ, ਫੁਲੇ ਫਲੇ ਬਾਗ਼ ਨੂੰ ਵੈਰਾਨ ਕਰ ਦਿੱਤਾ ? ਉਹ ਕਿਹੜਾ ਜਾਲ ਹੈ ਜਿਸ ਵਿੱਚ ਐਸੀ ਬੁਰੀ ਤਰ੍ਹਾਂ ਫਸਾ ਦਿੱਤਾ ਗਿਆ ਹੈ ਕਿ ਨਿਕਲਣਾ ਹੀ ਅਸੰਭਵ ਹੋ ਗਿਆ ? ਉਹ ਕਿਹੜਾ ਕੀੜਾ ਹੈ ਜਿਸ ਨੇ ਜੜ੍ਹ ਨੂੰ ਪੀਸ ਰਖਿਆ ਹੈ ਤੇ ਘੁੰਣ ਵਾਂਗ ਖਾ ਮੁਕਾਇਆ ਹੈ ਤੇ ਕਿਸੇ ਨੂੰ ਪਤਾ ਨਹੀਂ ਲੱਗ ਰਹਿਆ ? ਉਹ ਕਿਹੜਾ ਜ਼ਹਿਰੀਲਾ ਸੱਪ ਹੈ ਜਿਸ ਨੇ ਐਸਾ ਡਸਿਆ ਹੈ ਕਿ ਸਾਰੀ ਮਨੁੱਖਤਾ ਹੀ ਨਿਢਾਲ ਹੋ ਡਿੱਗੀ ਹੈ ? ਉਹ ਕਿਹੜਾ ਜਾਦੂ ਹੈ ਜਿਸ ਦੇ ਪ੍ਰਭਾਵ ਹੇਠ ਮਨੁੱਖ ਨੇ ਪਸ਼ੂ ਵਿਰਤੀ ਧਾਰਨ ਕਰ ਲਈ ?" ਬੀਮਾਰੀ ਦਾ ਨਾਮ ਲੈਂਦੇ ਹੋਏ ਗੁਰੂ ਜੀ ਨੇ ਫ਼ਰਮਾਇਆ 'ਉਹ ਬੀਮਾਰੀ ਹੈ 'ਸੁਆਰਥ'–'ਖ਼ੁਦਗਰਜ਼ੀ'। ਸੁਆਰਥ ਤੋਂ ਉਪਜਦੀ ਹੈ ਈਰਖਾ ਤੇ ਈਰਖਾ ਜਨਮ ਦੇਂਦੀ ਹੈ ਨਫ਼ਰਤ ਤੇ ਘਿਰਣਾ ਨੂੰ। ਇਸ ਘਿਰਣਾ ਨੇ ਹੀ ਊਚ–ਨੀਚ ਦੇ ਖ਼ਿਆਲਾਂ ਨੂੰ ਪਕਿਆਂ ਕੀਤਾ ਹੈ। ਇਸ ਊਚ–ਨੀਚ ਨੇ ਇੱਕ ਨੂੰ ਹੀਣਾ, ਨਿਰਬਲ ਤੇ ਕਮਜ਼ੋਰ ਬਣਾ ਦਿੱਤਾ ਹੈ ਤੇ ਦੂਜੇ ਨੂੰ ਅਭਿਮਾਨੀ, ਲਾ–ਪ੍ਰਵਾਹ, ਅਵੇਸਲਾ ਤੇ ਕਾਇਰ। ਇਸ ਊਚ–ਨੀਚ ਦੇ ਖ਼ਿਆਲ ਨੂੰ ਦੂਰ ਕਰਨਾ ਪਹਿਲਾ ਕਦਮ ਸੀ। ਇਸੇ ਲਈ ਜੋ

ਤਿਉਹਾਰ ਲੋਕਾਂ ਦੀ ਨਜ਼ਰ ਵਿੱਚ ਸ਼ੂਦਰਾਂ ਲਈ ਨਿਯਤ ਸੀ, ਗੁਰੂ ਗੋਬਿੰਦ ਸਿੰਘ ਜੀ ਨੇ ਉਹ ਹੀ ਚੁਣਿਆ ਤਾਕਿ ਨੀਵੇਂ-ਉੱਚੇ ਦਾ ਭੇਦ ਮਿਟ ਜਾਏ ਤੇ ਨੀਵਾਂ, ਉੱਚਾ ਹੋ ਜਰਵਾਨਿਆਂ, ਹਰਨਾਖਸ਼ਾਂ ਦਾ ਟਾਕਰਾ ਕਰ ਸਕੇ । ਹੋਲਾ ਮਨਾ ਕੇ ਪ੍ਰਗਟ ਕਰ ਦੇਵੇ ਕਿ ਉਸ ਨੂੰ ਸਦੀਆਂ ਤੋਂ ਪਾਈ ਮਨੁੱਖ ਦੀ ਵੰਡ ਪਰਵਾਨ ਨਹੀਂ ਹੈ । ਕੌਮ ਨੇ ਰਮਜ਼ ਨੂੰ ਸਮਝ ਲਿਆ ਤੇ ਅਨੰਦਪੁਰ ਵਲ ਵਹੀਰਾਂ ਪਾ ਦਿੱਤੀਆਂ । ਲਿਤਾੜੇ ਜਾ ਰਹੇ ਸਮਾਜ ਲਈ ਉੱਤਸ਼ਾਹ ਦੀ ਲਾਲੀ ਹੀ ਸੀ । ਹੋਲੀ ਦਾ ਸੁਭਾਅ ਹੀ ਬਦਲ ਗਿਆ । 'ਜਾਕੀ ਛੋਤ ਜਗਤ ਕੋ' ਲੱਗਦੀ ਸੀ, ਉਸ ਉੱਤੇ ਗੁਰੂ ਗੋਬਿੰਦ ਸਿੰਘ ਜੀ ਨੇ ਐਸੀ ਕਿਰਪਾ ਕੀਤੀ ਕਿ ਉਹ ਹੀ 'ਸਰਦਾਰ' ਬਣ ਗਿਆ । ਨਵੇਂ ਰੰਗ ਬਿਖੇਰੇ ਗਏ । ਨਵਾਂ ਸਮਾਜ ਬਣਿਆ । ਨਵੀਂ ਸਭਯਤਾ ਨੇ ਅਨੰਦਪੁਰ ਵਿਖੇ ਜਨਮ ਲਿਆ । ਜੁਅੱਰਤਿ ਜਮਾਲ ਆਈ । ਜਿਸ ਲਈ ਤੁਰਨ ਦੀ ਵੀ ਮਨਾਹੀ ਸੀ , ਉਨ੍ਹਾਂ ਨੇ ਘੋੜਿਆਂ ਦੀ ਸਵਾਰੀ ਕੀਤੀ । ਜੰਗੀ ਕਵਾਇਦਾਂ ਹੋਣ ਲੱਗੀਆਂ ਤੇ ਹੋਲੇ ਵਾਲੇ ਦਿਨ ਮੁਕਾਬਲੇ ਤੇ ਟਾਕਰੇ ਹੋਣ ਲਗੇ । ਉਸ ਦਿਨ ਤੋਂ ਹੀ ਇਹ ਰੀਤ ਬਣਾਈ ਗਈ ਕਿ ਦੋ ਦਲ ਬਣਾ ਕੇ ਪ੍ਰਧਾਨ ਸਿੱਖ ਹੇਠ ਇੱਕ ਜੱਥਾ ਨਿਯਤ ਕੀਤੀ ਥਾਂ ਉੱਤੇ ਕਬਜ਼ਾ ਕਰਨ ਲਈ ਹਮਲਾ ਕਰੇ । ਦੂਜਾ ਜੱਥਾ ਉਸ ਦਾ ਟਾਕਰਾ ਕਰੇ । ਜੋ ਜਿੱਤ ਜਾਂਦਾ ਉਸ ਨੂੰ ਗੁਰੂ ਸਾਹਿਬ ਆਪ ਇਨਾਮ ਦਿੰਦੇ । ਇਸ ਤਰ੍ਹਾਂ ਸਿੱਖਾਂ ਵਿਚ ਸ਼ਸਤਰ ਤੇ ਯੁੱਧ-ਵਿਦਿਆ ਵੀ ਨਿਪੁੰਨ ਹੋਣ ਲੱਗੀ । ਅਨੰਦਪੁਰ ਵਿੱਚ ਜੁੜਨ ਵਾਲਿਆਂ ਦਾ ਪਸ਼ੂ ਭਾਵ ਹਟਿਆ, ਕਾਇਰਤਾ ਦੂਰ ਹੋਈ । ਨਵਾਂ, ਨਰੋਆ ਇਨਸਾਨ ਜਾਗ ਉੱਠਿਆ । ਠੀਕ ਭਗਤ ਕਬੀਰ ਜੀ ਦੀ ਤੁੱਕ 'ਰਾਜਾ ਰਾਮ ਕਕਰੀਆ ਬਰੇ ਪਕਾਏ' ਵਾਲੀ ਗੱਲ ਹੋਈ । ਸੋਹਣੇ ਗੁਰੂ ਗੋਬਿੰਦ ਸਿੰਘ ਜੀ ਨੇ ਅੱਕਾਂ ਦੀਆਂ ਖਖੜੀਆਂ ਨੂੰ ਹੁਣ ਪੱਕੇ ਹੋਏ ਅੰਬ ਬਣਾ ਦਿੱਤਾ । ਜਿਨ੍ਹਾਂ ਨੂੰ ਥੂ ਥੂ ਹੁੰਦੀ ਸੀ ਤੇ ਜੋ ਥੂ ਥੂ ਕਰਦੇ ਸਨ, ਉਹ ਮਿੱਠੇ ਤੇ ਪ੍ਰਵਾਨ ਹੋਣ ਲੱਗੇ । ਉਹਨਾਂ ਕੋਲ ਬੈਠ ਹਰ ਕੋਈ ਰਸ ਲੈਣ ਲੱਗਾ । ਜੋ ਮਨੁੱਖ ਪਹਿਲਾਂ ਨਿਰੇ ਦਿਖਾਵੇ ਦੇ ਕਰਮ ਕਰਦਾ ਸੀ, ਉਸ ਮਨੁੱਖ ਨੇ ਦਿਖਾਵਾ ਤੱਜ ਦਿੱਤਾ ਤੇ ਉਸ ਦੀ ਥਾਂ ਸੁਆਦ, ਮਿਠਾਸ, ਰਸ ਤੇ ਅਸਲੀਅਤ ਨੇ ਲੈ ਲਈ । ਜੋ ਸੁਭਾਉ ਪਹਿਲਾਂ ਅਹੰਕਾਰ (ਰਾਥੀ), ਆਲਸ (ਬਲਦ), ਕਾਮ (ਗੱਧਾ), ਅਮੋੜਪੁਣਾ (ਭੈਂਸਾ) ਅਤੇ ਅਤਿਚਤੁਰਾਈ (ਕਾਂ) ਵਾਲਾ ਸੀ, ਹੁਣ ਬਦਲ ਕੇ ਗੁਣ ਗਾਉਣ (ਰਬਾਬੀ), ਸਦਾ ਸਦਾ ਜਾਗਤ (ਪਖਾਵਜ) ਪਰੇਮ, ਭਗਤੀ ਅਤੇ ਨਿਰਮਲ ਨਿਮਰਤਾ ਵਾਲਾ ਹੋ ਗਿਆ :

**ਫੀਲੁ ਰਬਾਬੀ ਬਲਦੁ ਪਖਾਵਜ ਕਊਆ ਤਾਲ ਬਜਾਵੈ ॥**
**ਪਹਿਰਿ ਚੋਲਨਾ ਗਦਹਾ ਨਾਚੈ ਭੈਸਾ ਭਗਤਿ ਕਰਾਵੈ ॥੧॥**

**ਆਸਾ (ਭ. ਕਬੀਰ) - ਅੰਗ ੪੭੭**

ਇਸੇ ਸ਼ਬਦ ਦੀਆਂ ਅੰਤਲੀਆਂ ਤੁਕਾਂ ਤਾਂ ਬਦਲੇ ਸੁਭਾਅ ਦੀਆਂ ਠੀਕ ਨਕਸ਼ਾ ਹੀ ਹਨ । ਐਸਾ ਸੁਭਾਅ ਬਦਲ ਜਾਣ ਦਾ ਸਿੱਟਾ ਇਹ ਨਿਕਲਿਆ ਕਿ ਅਖੌਤੀ ਨੀਵਿਆਂ ਨੇ ਜਰਵਾਣਿਆਂ ਨੂੰ ਮਾਰ ਮੁਕਾਇਆ । ਨਿੰਮ੍ਰਤਾ ਨੇ ਅਹੰਕਾਰ ਨੂੰ ਮੁਕਾ ਦਿੱਤਾ । ਉਹ ਹੀ ਮਨੁੱਖ ਜੋ ਉੱਚੀ ਜਾਤ ਦਾ ਅਹੰਕਾਰ ਕਰ ਕੇ ਕਛੂਏ ਵਾਂਗ ਮਨੁੱਖਾਂ ਨੂੰ ਦੂਰੇ ਕਹਿੰਦਾ ਰਹਿੰਦਾ ਸੀ ਤੇ ਨਵੇਕਲੇ ਪਾਣੀ ਵਿੱਚ ਰਹਿਣ ਕਰ ਕੇ ਕੋਰਾ ਸੀ, ਹੁਣ ਇਹ ਕਹਿਣ ਲੱਗ ਪਿਆ, 'ਮੈਨੂੰ ਨਿੱਘ ਚਾਹੀਦੀ ਹੈ', ਸੰਗਤ ਜ਼ਰੂਰੀ ਹੈ ਤੇ ਇਨਸਾਨੀ ਹਮਦਰਦੀ ਲਈ ਮੈਦਾਨ ਵਿੱਚ ਵੀ ਕੁੱਦ ਪਿਆ ।

ਜਿਸ ਮਨੁੱਖ ਦਾ ਸੁਭਾਅ ਇੱਕ ਦੂਜੇ ਨੂੰ (ਗੁਤੀ) ਵਾਂਗ ਹਨੇਰੇ ਵਿੱਚ ਡੰਗ ਮਾਰਨਾ ਸੀ, ਜਿਸ ਦਾ ਸੁਭਾਅ ਪਿਠ ਵਿੱਚ ਛੁਰਾ ਮਾਰਨ ਦਾ ਸੀ, ਉਸ ਦੀ ਅਗਿਆਨਤਾ ਉਲਟ ਕੇ ਗਿਆਨ ਬਣ ਗਈ। ਉਸ ਨੂੰ ਸੁੱਝ ਆ ਗਈ ਕਿ ਮਿਤ੍ਰ-ਘਾਤ ਕਰਨਾ ਕਿਤਨਾ ਘੋਰ ਪਾਪ ਹੈ। ਉਹ ਹੀ ਮਨੁੱਖ ਹੋਰਨਾਂ ਨੂੰ ਗੁਰੂ ਸ਼ਬਦ ਸੁਣਾਉਣ ਲੱਗ ਪਿਆ :

**ਕਹਤ ਕਬੀਰ ਸੁਨਹੁ ਰੇ ਸੰਤਹੁ ਕੀਟੀ ਪਰਬਤੁ ਖਾਇਆ ॥**
**ਕਛੂਆ ਕਹੈ ਅੰਗਾਰ ਭਿ ਲੋਰਉ ਲੂਕੀ ਸਬਦੁ ਸੁਨਾਇਆ ॥੪॥੬॥ –**
**ਆਸਾ (ਭ. ਕਬੀਰ) – ਅੰਗ ੪੭੭**

ਗੁਰੂ ਅਰਜਨ ਜੀ ਨੇ ਵੀ ਇੱਕ ਐਸੀ ਹੀ ਤਬਦੀਲੀ ਦਾ ਜ਼ਿਕਰ ਆਸਾ ਰਾਗ ਦੇ ਵਿੱਚ ਕੀਤਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਨਿਰੋਲ ਅਮਲੀ ਜਾਮਾ ਹੀ ਪਹਿਨਾਇਆ ਹੈ। ਗੁਰੂ ਜੀ ਕਹਿੰਦੇ ਹਨ : 'ਜਿਸ ਮਨੁੱਖ ਉੱਤੇ ਗੁਰੂ ਪਾਤਸ਼ਾਹ ਨੇ ਆਪਣੀ ਬਖ਼ਸ਼ਸ਼ ਕਰ ਦਿੱਤੀ ਹੈ ਉਸ ਦੀ ਅੱਤ ਨੀਚ ਚੰਡਾਲਣ ਬ੍ਰਿਤੀ ਵੀ ਬ੍ਰਹਿਮਣੀ ਬਣ ਗਈ ਹੈ। ਸ਼ੂਦਰਨੀ ਉੱਚੀ ਕੁਲ ਵਾਲੀ ਹੋ ਗਈ ਹੈ। ਜਿਹੜੀ ਬਿਰਤੀ ਪਹਿਲਾਂ ਸੁਆਰਥੀ ਸੀ ਤੇ ਪਤਾਲ ਤੋਂ ਲੈ ਕੇ ਅਕਾਸ਼ ਤੱਕ ਸਾਰੀ ਦੁਨੀਆਂ ਦੇ ਪਦਾਰਥ ਲੈ ਕੇ ਭੀ ਭੁਖੀ ਰਹਿੰਦੀ ਸੀ, ਉਸ ਦੀ ਤ੍ਰਿਸ਼ਨਾ-ਅੱਗ ਦੀ ਲਾਟ ਬੁਝ ਗਈ ਹੈ। ਉਸੇ ਮਨੁੱਖ ਵਿੱਚ ਸਬਰ ਸਿਦਕ ਤੇ ਸ਼ਹੀਦੀ ਦਾ ਜਜ਼ਬਾ ਆ ਗਿਆ :

**ਅਧਮ ਚੰਡਾਲੀ ਭਈ ਬ੍ਰਹਮਣੀ ਸੂਦੀ ਤੇ ਸ੍ਰੇਸਟਾਈ ਰੇ ॥**
**ਪਾਤਾਲੀ ਆਕਾਸੀ ਸਖਨੀ ਲਹਬਰ ਬੂਝੀ ਖਾਈ ਰੇ ॥੧॥**
**ਆਸਾ (ਮ: ੫) – ਅੰਗ ੩੯੧**

ਇਸ ਸਾਰੇ ਪਰੀਵਰਤਨ ਦਾ ਅਸਰ ਇਹ ਹੋਇਆ ਕਿ ਜੋ ਮਨੁੱਖ ਪਹਿਲਾ ਤੱਤੇ ਥਾਂ ਪੈਰ ਰੱਖਣ ਤੋਂ ਵੀ ਝਿਜਕਦਾ ਸੀ, ਉਹ ਬਲਦੀਆਂ ਅੱਗਾਂ ਵਿੱਚ ਕੁਦਣ ਲੱਗ ਪਿਆ। ਇੱਕ ਅਜੀਬ ਜਹੀ ਲਾਲੀ ਇਸ ਦੇ ਮੁੱਖੜੇ ਉੱਤੇ ਹੋਲੇ ਮਹੱਲੇ ਨੇ ਚਾੜ੍ਹ ਦਿੱਤੀ। ਜੰਗਾਂ ਜੁਧਾਂ ਵਿੱਚ ਚਾਅ ਨਾਲ ਹਿੱਸਾ ਲੈਣ ਲੱਗਾ। ਨਗਾਰੇ ਦੀ ਚੋਟ ਉੱਤੇ ਇਸ ਨੇ ਗੱਲ ਕਹਿਣ ਦਾ ਸੁਬਾਓ ਬਣਾ ਲਿਆ। 'ਅੰਤਰ ਪੂਜਾ, ਪੜਹਿ ਕਤੇਬਾ, ਸੰਜਮ ਤੁਰਕਾ ਭਾਈ' ਵਾਲਾ ਆਚਰਨ ਮੁੱਕ ਗਿਆ। ਇਸ ਮਨੁੱਖ ਨੇ ਆਪਣੇ ਅਸਲੇ ਨੂੰ ਪਛਾਣ ਲਿਆ। ਕਿਤਨੀ ਲਾਲੀ ਚੜ੍ਹੀ, ਕਿਤਨੀ ਜੁਅਰਤ ਆਈ, ਉਸ ਦਾ ਅੰਦਾਜ਼ਾ ਸਮਕਾਲੀ ਇਤਿਹਾਸ (ਮੁਆਸਰੇ ਆਲਮਗੀਰੀ ਆਦਿ) ਵਿੱਚ ਦਰਜ ਘਟਨਾਵਾਂ ਤੋਂ ਆਸਾਨੀ ਨਾਲ ਲਗਾਇਆ ਜਾ ਸਕਦਾ ਹੈ। ੧੧ ਨਵੰਬਰ ੧੬੭੫ ਨੂੰ ਚਾਂਦਨੀ ਚੌਂਕ ਵਿਚੋਂ ਕੋਈ ਆਪਣੇ ਇਸ਼ਟ-ਗੁਰੂ ਦਾ ਪੱਵਿਤਰ ਸੀਸ ਤੇ ਧੜ ਦਿਨ ਦੀਵੀਂ ਉਠਾਣ ਲਈ ਤਿਆਰ ਨਹੀਂ ਹੁੰਦਾ, ਪਰ ਅਗਲੇ ਹੀ ਸਾਲ ੮ ਜੁਲਾਈ ੧੬੭੬ ਨੂੰ ਔਰੰਗਜ਼ੇਬ ਫ਼ਤਹਪੁਰੀ ਤੋਂ ਵਾਪਸ ਆ ਰਹਿਆ ਸੀ। ਇੱਕ ਸਿੱਖ ਨੇ ਲਕੜ ਦਾ ਡੰਡਾ ਵਗਾਹ ਮਾਰਿਆ। ਡੰਡਾ ਔਰੰਗਜ਼ੇਬ ਦੇ ਛੱਤਰ ਦੇ ਅਗਲੇ ਬੰਨੇ ਜਾ ਵੱਜਾ। ਉਹ ਸਿੱਖ ਪਕੜਿਆ ਗਿਆ, ਉਸ ਕੋਈ ਪਰਵਾਹ ਨਾ ਕੀਤੀ। ਫੇਰ ਔਰੰਗਜ਼ੇਬ ਅਗਸਤ ੨੮,੧੬੭੬ ਨੂੰ ਚਾਂਦਨੀ ਚੌਕ ਦੀ ਮਸਜਦ ਪੂਜਾ ਹੀ ਸੀ ਕਿ ਇੱਕ ਸਿੱਖ ਨੇ ਪੱਥਰ ਮਾਰੇ। ਔਰੰਗਜ਼ੇਬ ਮਸਾਂ ਹੀ ਬੱਚਿਆ। ਸਿੱਖ ਨੂੰ ਥਾਂ ਹੀ ਸ਼ਹੀਦ ਕਰ ਦਿੱਤਾ ਗਿਆ। ਫੇਰ ੩੦ ਅਕਤੂਬਰ ੧੬੭੬, ਉਸੇ ਸਾਲ ਔਰੰਗਜ਼ੇਬ, ਜੁਮੇ ਦੀ ਨਮਾਜ਼

ਜਾਮਾ ਮਸਜਿਦ ਵਿਚੋਂ ਅਦਾ ਕਰ ਕੇ ਜਮਨਾ ਵਿੱਚ ਬੇੜੀ ਉੱਤੇ ਪੈਰ ਰੱਖਣ ਹੀ ਲੱਗਾ ਸੀ ਕਿ ਇੱਕ ਸਿੱਖ ਦੋੜ ਕੇ, ਨੰਗੀ ਤਲਵਾਰ ਕੱਢ ਕੇ, ਔਰੰਗਜ਼ੇਬ ਲਾਗੇ ਆ ਗਿਆ । ਜੇ ਔਰੰਗਜ਼ੇਬ ਦੇ ਅੰਗ ਰਖਸ਼ਕ ਫੁਰਤੀ ਨਾਲ ਉਸ ਨੂੰ ਨਾ ਰੋਕਦੇ ਤਾਂ ਔਰੰਗਜ਼ੇਬ ਨੇ ਥਾਂ ਹੀ ਖ਼ਤਮ ਹੋ ਜਾਣਾ ਸੀ । ਇਹ ਸੀ ਨਿਰਾਲੀ ਜੁਰੱਅਤ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਹੋਲੇ ਨੇ ਭਰੀ । ਇਹ ਉਹ ਵਕਤ ਸੀ ਕਿ ਔਰੰਗਜ਼ੇਬ ਦੀ ਪਿਛੋਂ ਕੰਡੀ ਵੀ ਲੋਕੀ ਥੱਰ ਥੱਰ ਕੰਬਦੇ ਸਨ । (ਯਾਦ ਰਹੇ ਕਿ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਵਾਲੇ ਦਿਨ ਔਰੰਗਜ਼ੇਬ ਹਸਨ ਅਬਦਾਲ (ਪੰਜਾ ਸਾਹਿਬ) ਕੈਂਪ ਲਗਾਈ ਬੈਠਾ ਸੀ) ਔਰੰਗਜ਼ੇਬ ਸ਼ਹੀਦ ਕਰਨ ਦਾ ਹੁਕਮ ਦੇ ਅਤੇ ਇਹ ਫ਼ਰਮਾਨ ਜਾਰੀ ਕਰ ਕੇ ਕਿ ਕੋਈ (ਗੁਰੂ) ਤੇਗ਼ ਬਹਾਦਰ ਦੇ ਮਿਰਤਕ ਸਰੀਰ ਨੂੰ ਹੱਥ ਨ ਲਗਾਏ ਤੇ ਸਰੀਰ ਦੇ ਚਾਰ ਟੋਟੇ ਕਰ ਕੇ ਦਿੱਲੀ ਦੇ ਚਾਰ ਦਰਵਾਜ਼ਿਆਂ ਉੱਤੇ ਟੰਗ ਦਿੱਤੇ ਜਾਣ, ਦਿੱਲੀ ਤੋਂ ਚਲਾ ਗਿਆ ਸੀ । ਦੂਜੇ ਪਾਸੇ ਉਸੇ ਔਰੰਗਜ਼ੇਬ ਦੇ ਟਾਕਰੇ ਆ ਕੇ ਡੰਡੇ ਮਾਰਨੇ, ਪੱਥਰ ਸੁਟਣੇ ਤੇ ਨੰਗੀ ਤਲਵਾਰ ਲੈ ਕੇ ਵੰਗਾਰਨਾ, ਕਰਾਮਾਤ ਹੀ ਸੀ । ਇਸ ਵੰਗਾਰ ਤੋਂ ਔਰੰਗਜ਼ੇਬ ਇਤਨਾ ਘਬਰਾਇਆ ਸੀ ਕਿ ਉਸ ਨੇ ਫ਼ਰਮਾਨ ਜਾਰੀ ਕੀਤਾ, 'ਜੇ (ਗੁਰੂ) ਗੋਬਿੰਦ (ਸਿੰਘ) ਸਾਧੂ ਬਣ ਕੇ ਵੱਡੇ ਵਡੇਰਿਆਂ ਵਾਂਗ ਚੁਪ ਚਾਪ ਰਹੇ, ਸਿੱਖਾਂ ਪਾਸੋਂ ਸੱਚਾ ਪਾਤਸ਼ਾਹ ਨ ਅਖਵਾਏ, ਜਮੀਅਤ ਜਮਾਂ ਕਰਨ ਤੋਂ ਬਾਜ਼ ਆਏ ਅਤੇ ਸੁਲਤਾਨਾਂ ਦੀ ਰੀਸੇ ਝਰੋਖਾ ਦਰਸ਼ਨ ਦੇ ਕੇ ਲੋਕਾਂ ਤੋਂ ਸਿਜਦਾ ਕਰਾਉਣ ਤੇ ਆਪਣੇ ਚੇਲਿਆਂ ਪਾਸੋਂ ਸੱਚਾ ਪਾਤਸ਼ਾਹ ਕਹਾਉਣ, ਨਮਸਕਾਰਾਂ ਕਰਾਉਣ ਆਦਿ ਦੇ ਬਾਦਸ਼ਾਹੀ ਤਰੀਕੇ ਛੱਡ ਦੇਵੇ ਤਾਂ ਭਲਾ; ਨਹੀਂ ਤਾਂ ਉਸ ਦਾ ਘਰ ਘਾਟ ਬਰਬਾਦ ਕਰ ਕੇ ਤੇ ਉਸ ਨੂੰ ਵਤਨੋਂ ਬਾਹਰ ਕੱਢਣ ਦਾ ਪੂਰਾ ਉਪਰਾਲਾ ਕੀਤਾ ਜਾਵੇ । (ਤਾਰੀਕੇ-ਸਿੱਖਾਂ) ਗੁਰੂ ਗੋਬਿੰਦ ਸਿੰਘ ਜੀ ਨੇ 'ਬਾਜ਼' ਕੀ ਆਉਣਾ ਸੀ, ਔਰੰਗਜ਼ੇਬ ਨੇ 'ਉਪਰਾਲੇ' ਅਰੰਭ ਦਿੱਤੇ । ਘਰ ਘਾਟ ਲੁੱਟਣੇ ਸ਼ੁਰੂ ਕੀਤੇ । ਗੁਰੂ ਜੀ ਨੇ ਵੀ ਟਾਕਰੇ ਵਿੱਚ ੧੪ ਜੰਗਾਂ ਲੜੀਆਂ। ਹਰ ਜੰਗ ਨੇ ਨਵਾਂ ਉਤਸ਼ਾਹ ਬਖ਼ਸ਼ਿਆ । ਹੋਲਾ ਮਹੱਲਾ ਰਾਹੀਂ ਉਹ ਕੌਮ ਨੂੰ ਤਿਆਰ ਕਰ ਚੁਕੇ ਸਨ । ਇਸ ਉਤਸ਼ਾਹ ਦਾ ਸਦਕਾ ਸੰਸਾਰ ਦੇ ਮੁੱਖ ਉੱਤੇ ਨਵੀਂ ਲਾਲੀ ਆਈ ਅਤੇ ਔਰੰਗਜ਼ੇਬ ਆਪਣੇ ਸਾਮਰਾਜ ਦਾ ਬੇੜਾ 'ਅਲਾਹ ਹਵਾਲੇ' ਛੱਡ ਨਿਥਾਵਾਂ ਹੀ ਜਹਾਨ ਤੋਂ ਟੁਰ ਗਿਆ । ਉਸ ਦੇ ਅੰਤਮ ਸ਼ਬਦ ਸਨ :

**ਨਿਰਬਲ ਹੋ ਗਿਆ ਹਾਂ । ਹਰ ਅੰਗ ਨਿਸਲ ਹੋ ਗਿਆ ਹੈ ॥**
**ਇਕੇਲਾ ਹੀ ਆਇਆ ਸਾਂ, ਹੁਣ ਇਕੇਲਾ ਹੀ ਜਾ ਰਹਿਆ ਹਾਂ ॥**

ਮੈਂ ਨਹੀਂ ਜਾਣਦਾ ਕਿ ਮੈਂ ਕੋਣ ਹਾਂ ਅਤੇ ਹੁਣ ਤੱਕ ਕੀ ਕਰਦਾ ਰਹਿਆ ਹਾਂ । ਨਾਂਹ ਮੈਂ ਸਾਮਰਾਜ ਦਾ ਸੱਚਾ ਸੁੱਚਾ ਪ੍ਰਬੰਧ ਕਰ ਸਕਿਆ ਤੇ ਨਾਂਹ ਪਰਜਾ ਦਾ ਪਿਆਰ ਲੈ ਸਕਿਆ । ਇਹ ਬਹੁਮੁੱਲਾ ਜੀਵਨ ਵਿਅਰਥ ਹੀ ਬੀਤ ਗਿਆ । ਮੇਰਾ ਖ਼ੁੱਦਾ ਹਰ ਸਮੇਂ ਹਰ ਪਾਸੇ ਸੀ ਪਰ ਮੇਰੀਆਂ ਅੰਨ੍ਹੀਆਂ ਅੱਖਾਂ ਉਸ ਦਾ ਜਲਵਾ ਨ ਕਰ ਸਕੀਆ । ਮੈਨੂੰ ਨਹੀਂ ਪਤਾ ਕਿ ਮੈਨੂੰ ਕੀ ਦੰਡ ਮਿਲਣ ਵਾਲਾ ਹੈ ।

ਅੱਜ ਕੌਮ ਨੂੰ ਹੋਲਾ ਮਹੱਲਾ ਦਾ ਪੈਗ਼ਾਮ ਸੁਣਨਾ ਚਾਹੀਦਾ ਹੈ ਤੇ ਅਭੈ ਹੋ, ਦੁਨਿਆਵੀ ਸਹਾਰਿਆਂ ਨੂੰ ਛੱਡ, ਆਪਣਾ ਗਵਾਚਾ ਹੋਇਆ ਸਤਿਕਾਰ ਕਾਇਮ ਕਰਨ ਲਈ ਮਹੱਲਾ ਚਾੜ੍ਹਨਾ ਚਾਹੀਦਾ ਹੈ ।

**ਧੰਨਵਾਦ ਸਹਿਤ ਵਿੱਚੋ :- 'ਖ਼ਾਲਸੇ ਦਾ ਵਾਸੀ'**

# ਗੁਰਮਤਿ ਪ੍ਰਸਾਰ ਮੈਡੀਕਲ ਸੇਵਾ ਸੈਂਟਰ

ਸੋਸਾਇਟੀ ਵਲੋਂ ਚਲਾਏ ਜਾ ਰਹੇ ਮੈਡੀਕਲ ਸੇਵਾ ਸੈਂਟਰ ਵਿਚ ਦਿਤੀਆਂ ਜਾ ਰਹੀਆਂ ਸੇਵਾਵਾਂ ਦਾ ਸੰਗਤਾਂ ਭਰਵਾਂ ਲਾਭ ਉਠਾ ਰਹੀਆਂ ਹਨ। ਅਗਸਤ 2019 ਮਹੀਨੇ ਦੇ ਅੰਕੜੇ ਇਸ ਪ੍ਰਕਾਰ ਹਨ।

| | Name of Deptt. | No. of Patients | | |
|---|---|---|---|---|
| | | Nov | Dec | Total |
| 1 | General Medical | 15 | 103 | 118 |
| 3 | Cardiology | 02 | 37 | 39 |
| 4 | Dental | 08 | 57 | 65 |
| | Total | 25 | 197 | 222 |
| | Laboratory | 08 | 97 | 105 |

## ਧੰਨਵਾਦਿ :

## ਅਗਸਤ 2019 ਦੌਰਾਨ ਪ੍ਰਾਪਤ ਸਹਾਇਤਾ ਦਾ ਵੇਰਵਾ:-

1. Mrs. Anju W/O Late Sh. Ram Shankar Gali No. 23 Jujhar Nagar/Mohali 4,500/-
2. Col. Ranjit Singh (H.U.F.) # 207/Sec33A/Chd 3,000/-
3. S. Gurjit Singh Ahluwalia # 3043/Phase- 7 15,000/-
4. S. A.S. Oberoi E-703, Jal Vaju Towers, Lower Tank Bund, Near Vartha Press, Kavadiguda, Hyderabad- 500080 2,00,000/-
5. Bibi. Harleen Kaur Sarna #107G, Shivalik Vihar Naya Goan, Mohali 500/-
6. Bibi Harpreet Kaur #461/Sec 44A/Chd 1,000/-
7. S. Harsharnpal Singh Bhatia #461/Sec. 44A 1,000/-
8. Bibi Gurdeep Kaur #461/Sec. 44A/Chd 1,000/-
9. Bibi Rajleen Kaur #836/Phase- II/Mohali 500/-
10. Bibi Hardeep Kaur Saluja #53/Sector- 70 1,000/-
11. Charan Kamal Sandhu #2843/Sunny Enclave/Kharar/Mohali 200/-
12. S. Manvender Singh #10095/Sunny Enclave/Kharar/Mohali 500/-
13. S. Dharampal Singh/ S.C.O - 11,12,13, Sunny Enclave, Kharar Kalgidhar Market, Mohali 500/-
14. S. Jasbir Singh # 10073, Sunny Enclave 500/-
15. Bibi Satvir Kaur/ Rajpura #9A, New Dashmesh Colony 500/-
16. Bibi Navneet Kaur #2369, Sector- 71/ Near Paragone School/ Mohali 500/-
17. S. Shamsher Singh #10067/Sunny Enclave/Kharar/Mohali 500/-
18. S. Sukhpreet Singh Brar #10109/Sunny Enclave/Kharar/Mohali 500/-
19. S. Harjeet Singh #10094/Sunny Enclave/Kharar/Mohali 500/-
20. Bibi Gurdeep Kaur/ Mata Gujari Enclave, Kharar 200/-
21. S. B.M. Singh # 416, /Sector- 44A/ Chd 1,000/-
22. Mrs. Khetal #356/1/Sector-44A/Chd 500/-
23. Bibi Surjit Kaur #1444/Sector- 34C/Chd 2,000/-
24. S. Narinder Bir Singh #1444/Sector- 34C/Chd 2,100/-
25. S. Damanpreet Singh/Mundi Kharar 100/-
26. S. Manjit Singh/ Mundi Khartar 100/-
27. S. Balwant Singh/ Mundi Kharar 500/-
28. S. Manjit Singh #143/1/Sectro- 45/Chd 1,000/-
29. Bibi Hardeep Kaur/Mundi Kharar 100/-
30. Bibi Gurmeet Kaur/Mundi Kharar 100/-
31. S. Jagjit Singh/ Mundi Kharar 200/-
32. Bibi Jaskirat Kaur #53/Sector- 70/Mohali 5,000/-
33. S. Gurmeet Singh/Khanpur/Mohali 500/-
34. Deep Collection, S.C.F- 02/Green Market/ Sunny enclave/Mohali 500/-
35. S. Harbhajan Singh Chopra #HM- 74/Phase- 3BI/Mohali 1,500/-
36. S. Diljeet Singh Sachdeva # 2634/1/Sector- 47C/Chd 21,000/-

**ਬੇਨਤੀ**

ਆਪਣੇ ਦਸਵੰਧ ਵਿੱਚੋਂ ਵੱਧ ਤੋਂ ਵੱਧ ਮਾਇਆ ਸੋਸਾਇਟੀ ਦੇ ਕਾਰਜਾਂ ਲਈ ਭੇਜ ਕੇ ਗੁਰਮਤਿ ਪ੍ਰਸਾਰ ਵਿੱਚ ਯੋਗਦਾਨ ਪਾਓ ਤੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ। ਮਾਇਆ ਚੈੱਕ ਰਾਹੀਂ ਵੀ ਭੇਜੀ ਜਾ ਸਕਦੀ ਹੈ। ਸੋਸਾਇਟੀ ਦਾ SB A/c No.07111000004108, IFS Code: PSIB0000711 PAN No. AAATG4268N ਪੰਜਾਬ ਐਂਡ ਸਿੰਧ ਬੈਂਕ, ਸੈਕਟਰ 36, ਚੰਡੀਗੜ੍ਹ ਵਿਖੇ ਹੈ ਜੀ। ਸੋਸਾਇਟੀ ਨੂੰ ਭੇਜੀ ਗਈ ਮਾਇਆ ਤੇ Income Tax ਦੀ ਧਾਰਾ 80-G ਦੇ ਅੰਤਰਗਤ ਛੋਟ ਉਪਲਬਧ ਹੈ।